੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖ਼ਾਲਸਾ ਸਮਾਚਾਰ

# Khalsa Samachar

Rs. 5/-

ਸਪਤਾਹਿਕ/Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 32, 12-18 August, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੩੨, ੧੨-੧੮ ਅਗਸਤ ੨੦੨੧, ਜਿਲਦ ੩੧ | ੨੮ ਸਾਵਣ-੩ ਭਾਦਰੋਂ ੨੦੭੮, ਨਾਨਕਸ਼ਾਹੀ ਸੰਮਤ ੫੫੩


## ਤਿਆਰ-ਬਰ-ਤਿਆਰ

❖ ਭਾਈ ਸਾਹਿਬ ਭਾਈ ਵੀਰ ਸਿੰਘ

ਪ੍ਰਾਚੀਨ ਯੂਨਾਨੀਆਂ ਦੀ ਬਣਾਈ ਇਕ ਤਸਵੀਰ ਮਿਲਦੀ ਹੈ, ਜਿਸ ਵਿਚ ਇਕ ਨੌਜਵਾਨ ਘੋੜੇ ਨੂੰ ਸਰਪੱਟ ਦੁੜਾਂਦਾ ਨਦੀਆਂ, ਨਾਲੇ, ਪਹਾੜ ਤੇ ਸ਼ਹਰ ਟਪਦਾ ਚਲਿਆ ਜਾ ਰਿਹਾ ਹੈ, ਕੁਝ ਆਦਮੀ ਉਸਨੂੰ ਫੜਨ ਲਈ ਰਸਤੇ ਵਿਚ ਤਿਆਰ ਬਰਤਿਆਰ ਹੋ ਅੱਗੇ ਖੜੇ ਹਨ, ਜਿਨ੍ਹਾਂ ਨੂੰ ਇਹ ਤੇਜ਼, ਪ੍ਰਤਾਪ, ਐਸ਼ਵਰਜ, ਇਕਬਾਲ, ਖੁਸ਼ਹਾਲੀ, ਪ੍ਰਸੰਨਤਾ ਤੇ ਸੁਖ ਦੇ ਰਿਹਾ ਹੈ। ਕੁਛ ਆਦਮੀ ਇਸਦੇ ਫੜਨ ਲਈ ਪਿੱਛੋਂ ਦੌੜਦੇ ਆ ਰਹੇ ਹਨ, ਜਿਨ੍ਹਾਂ ਦੇ ਚਿੰਤਾਤੁਰ ਚੇਹਰੇ, ਨਢਾਲ ਸੂਰਤ, ਨਿਰਬਲ ਸਰੀਰ, ਫਟੇ ਪੁਰਾਣੇ ਕੱਪੜੇ ਤੇ ਇਨਾਂ ਦੀ ਹਰ ਚੀਜ਼ ਤੋਂ ਨਿਰਾਸਤਾ, ਨਾ-ਉਮੈਦੀ, ਦੀਨਤਾ ਤੇ ਹੀਨਤਾ ਪ੍ਰਗਟ ਹੋ ਰਹੀ ਹੈ।

ਚਿੱਤਰਕਾਰ ਦਾ ਇਸ ਚਿੱਤਰ ਵਿਚ ਨੌਜਵਾਨ ਤੋਂ ਭਾਵ 'ਸਮੇਂ' ਦਾ ਹੈ। ਇਸਦੇ ਘੋੜੇ ਦੀ ਤੇਜ਼ ਚਾਲ ਤੋਂ ਉਹ ਦਸਦਾ ਹੈ ਕਿ ਸਮਾਂ ਬੜੀ ਤੇਜ਼ ਚਾਲ ਨਾਲ ਜਾ ਰਿਹਾ ਹੈ, ਦਰਯਾਵਾਂ, ਪਹਾੜੀਆਂ, ਘਾਟੀਆਂ ਤੇ ਵਸਤੀਆਂ ਟੱਪਣ ਤੋਂ ਮੁਰਾਦ ਇਹ ਹੈ ਕਿ ਕੋਈ ਵੱਡੀ ਤੋਂ ਵੱਡੀ ਤਾਕਤ ਸਮੇਂ ਦੀ ਚਾਲ ਨੂੰ ਰੋਕ ਨਹੀਂ ਸਕਦੀ। ਰਸਤੇ ਵਿਚ ਤਿਆਰ ਬਰਤਿਆਰ ਹੋ ਫੜਨ ਲਈ ਖੜੇ ਆਦਮੀਆਂ ਵਿਚ ਐਸ਼੍ਵਰਜ਼, ਤੇਜ, ਪ੍ਰਤਾਪ ਵੰਡਣ ਤੋਂ ਮਨਸ਼ਾ ਇਹ ਹੈ ਕਿ ਜੋ ਆਦਮੀ ਸਮੇਂ ਦੀ ਕਦਰ ਕਰਦੇ ਤੇ ਇਸਦੇ ਆਉਣ ਤੋਂ ਪਹਿਲਾਂ ਇਸਤੋਂ ਕੰਮ ਲੈਣ ਲਈ ਸੁਚੇਤ ਰਹਿੰਦੇ ਹਨ ਓਹਨਾਂ ਨੂੰ ਸੰਸਾਰਕ ਤੇ ਪ੍ਰਮਾਰਥਕ ਬਰਕਤਾਂ ਮਿਲਦੀਆਂ ਹਨ, ਪਰੰਤੂ ਇਸਦੇ ਉਲਟ ਆਲਸ, ਸੁਸਤੀ ਤੇ ਗਫਲਤ ਵਿਚ ਪੈ ਸਮੇਂ ਦੇ ਬੀਤ ਜਾਣ ਮਗਰੋਂ ਇਸਨੂੰ ਫੜਨ ਲਈ ਜੋ ਦੌੜਦੇ ਹਨ ਓਹਨਾਂ ਨੂੰ ਸਿਵਾਇ ਹਰ ਗੱਲ ਵਿਚ ਫਾਡੀ ਰੈਹਣ ਤੇ ਅਫਸੋਸ ਨਾਲ ਹੱਥ ਮਲਣ ਦੇ ਇਲਾਵਾ ਕੁਝ ਪ੍ਰਾਪਤ ਨਹੀਂ ਹੁੰਦਾ।

ਯੂਨਾਨੀਆਂ ਦੀ ਬਣਾਈ ਇਹ ਖਯਾਲੀ ਤਸਵੀਰ ਹਕੀਕਤ ਦਾ ਆਈਨਾ ਹੈ, ਇਹ ਇਕ ਸਚਾਈ ਹੈ ਜਿਸਨੂੰ ਅਜ ਤਕ ਸੰਸਾਰ ਵਿਚ ਕੋਈ ਝੁਠਲਾ ਨਹੀਂ ਸਕਿਆ ਤੇ ਜਿਸਨੂੰ ਗ਼ਲਤ ਸਾਬਤ ਕਰਨਾ ਤ੍ਰੈਕਾਲ ਅਸੰਭਵ ਹੈ।

ਦੁਨੀਆਂ ਭਰ ਦੇ ਮੁਲਕਾਂ ਦੇ ਇਤਹਾਸ ਤੇ ਨਜ਼ਰ ਮਾਰੋ, ਸੰਸਾਰ ਭਰ ਦੀਆਂ ਕੌਮਾਂ ਦੇ ਉਤਾਰ ਚੜ੍ਹਾਉ ਦੀ ਤਾਰੀਖ ਦਾ ਮੁਤਾਲਿਆ ਕਰੋ। ਇਸ ਭੂਮੰਡਲ ਦੀਆਂ ਜਾਤੀਆਂ ਨਸਲਾਂ ਹੀ ਨਹੀਂ, ਨਿੱਕੀ ਤੋਂ ਨਿੱਕੀ ਵਿਯਕਤੀ ਤੋਂ ਲੈ ਵੱਡੀ ਤੋਂ ਵੱਡੀ ਵਿਯਕਤੀ ਤਕ ਦੀ ਉੱਨਤੀ ਤੇ ਅਵੁੱਨਤੀ ਦੇ ਕਾਰਨਾਂ ਦੀ ਤਲਾਸ਼ ਕਰ ਜਾਓ, ਆਪ ਨੂੰ ਇਹਨਾਂ ਸਾਰੀਆਂ ਦੀ ਤੈਹ ਵਿਚ ਇਕ ਏਹ ਹੀ ਅਸੂਲ ਕੰਮ ਕਰਦਾ ਵਿਖਾਈ ਦੇਵੇਗਾ। ਜੋ ਵਿਯਕਤੀ, ਜਾਤੀਆਂ, ਨਸਲਾਂ, ਕੌਮਾਂ ਜਾਂ ਮੁਲਕ ਜਿੰਨੇ ਹੀ ਵਧੀਕ ਸੁਚੇਤ ਹੋਕੇ ਸਮੇਂ ਦੀ ਕਦਰ ਕਰਦੇ ਹਨ ਓਹ ਉੱਨੇ ਹੀ ਵਧਦੇ ਫੁਲਦੇ ਤੇ ਉੱਨਤ ਹੁੰਦੇ ਹਨ। ਜੋ ਜਿੰਨੀ ਹੀ ਸਮੇਂ ਦੇ ਵਲੋਂ ਬੇਪ੍ਰਵਾਹੀ ਕਰਦੇ ਹਨ ਓਹ ਉੱਨੇ ਹੀ ਵਧੀਕ ਗਿਰਾਓ ਵਲ ਚਲੇ ਜਾਂਦੇ ਹਨ। ਉੱਨਤ ਮੁਲਕਾਂ ਦੇ ਵਸਨੀਕ ਸ਼ਾਕੀ ਹਨ ਕਿ ਓਹਨਾਂ ਦੇ ਸਾਹਮਣੇ ਇੰਨੇ ਕਰਨ ਜੋਗੇ ਕੰਮ ਪਏ ਹਨ ਕਿ ਦਿਨ ਰਾਤ ਦਾ ਇਹ 24 ਘੰਟੇ ਦਾ ਸਮਾਂ ਜਾਂ ਸਵਾ ਸੌ ਸਾਲ ਦੀ ਜ਼ਿੰਦਗੀ ਓਹਨਾਂ ਦੇ ਮੁਕਾਣ ਲਈ ਨਾਕਾਫੀ ਹੈ, ਪਰੰਤੂ ਇਸਦੇ ਉਲਟ ਅਵੁੱਨਤ ਦੇਸਾਂ ਦੇ ਵਾਸੀ ਸ਼ਾਕੀ ਹੋਂਦੇ

ਅੰਦਰ............


- ☐ ਭਾਰਤ ਦੀ ਆਜ਼ਾਦੀ ਵਿਚ ਸਿੱਖ ਗੁਰਦੁਆਰਿਆਂ... 3
- ☐ ਸੰਤ ਬਿਮਲਾ ਸਿੰਘ: ਪਤਿਤ ਪਵਿੱਤ੍ਰ 6
- ☐ Baba Kharak Singh... 7
- ☐ ਪੁਸਤਕ-ਪੜਚੋਲ: **ਮੈਂ ਤੇ ਸਮੁੰਦਰ** 9
- ☐ ਸੌ ਸਾਲ ਪਹਿਲਾਂ: ਨਨਕਾਣਾ ਸਾਹਿਬ 10
- ☐ ਸ਼ਬਦ ਵਿਆਖਿਆ 11
- ☐ ਖਬਰ-ਸਾਰ 12

ਹਨ ਕਿ ਸਮਾਂ ਬੀਤਣ ਵਿਚ ਨਹੀਂ ਆਉਂਦਾ। ਉਹ ਸਮੇਂ ਨੂੰ ਟਪਾਣ ਲਈ ਤਾਸ਼, ਜੂਏ ਆਦਿਕ ਖੇਡਾਂ ਵਿਚ ਮਸ਼ਗੂਲ ਹੋਂਦੇ ਹਨ, ਪਰੰਤੂ ਫਿਰ ਵੀ ਓਹ ਕਹਿੰਦੇ ਹਨ ਕਿ ਇਹ ਪਹਾੜਾਂ ਜਿੰਨੇ ਦਿਨ ਤੇ ਸ਼ੈਤਾਨ ਦੀਆਂ ਆਂਦਰਾਂ ਜਿੰਨੀਆਂ ਲੰਮੀਆਂ ਰਾਤਾਂ ਮੁਕਣ ਵਿਚ ਨਹੀਂ ਆਉਂਦੀਆਂ।

ਗੁਰੂ ਨਾਨਕ ਸਾਹਿਬ ਦੀ ਆਯੂ 72 ਬਰਸ ਦੀ ਸੀ, ਇਸ ਆਯੂ ਵਿਚ ਜਿੰਨਿਆਂ ਦੀਪ-ਦੀਪਾਂਤਰਾਂ ਤੇ ਦੇਸ਼-ਦੇਸ਼ਾਂਤਰਾਂ ਦਾ ਉਨ੍ਹਾਂ ਰਟਨ ਕੀਤਾ, ਉਸਦਾ ਨਕਸ਼ਾ ਅੱਖਾਂ ਦੇ ਸਾਹਮਣੇ ਆਉਣ ਤੇ ਆਦਮੀ ਚੌਂਕ ਉਠਦਾ ਤੇ ਕਰਾਮਾਤ ਕਰਾਮਾਤ ਕੈਹਣ ਲੱਗ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 43 ਸਾਲ ਛੀ ਮਾਹ ਦੀ ਜ਼ਿੰਦਗੀ ਵਿਚ ਮੀਰੀ ਪੀਰੀ ਦਾ ਕੰਮ ਨਜਿਠਨਾ, ਫਾਰਸੀ, ਸੰਸਕ੍ਰਿਤ ਦੇਸ ਭਾਸ਼ਾ ਦਾ ਸ੍ਰੋਮਣੀ ਕਵੀ ਤੇ ਉਸਤਾਦ ਹੋਣਾ, ਸੁਚੀ ਤੇ ਸਚੀ ਨੀਤੀ ਵਿਚ ਨਿਪੁੰਨ ਹੋਣਾ, ਜੀਵਨ ਰੂਹ ਫੂਕਣ ਵਾਲੀਆਂ ਅਨੇਕਾਂ ਬਾਣੀਆਂ ਦੇ ਕਰਤਾ, ਮਹਾਂਬਲੀ, ਧਨੁਸ਼ਧਾਰੀ, ਕੌਮ ਕਰਤਾ ਜਰਨੈਲ ਤੇ ਫੇਰ ਪੈਗੰਬਰ, ਅਵਤਾਰ, ਗੁਰੂ ਹੋਣਾ ਭਾਰਤ ਨੂੰ ਸਰੀਰਕ, ਮਾਨਸਕ ਤੇ ਦਿਮਾਗੀ ਗੁਲਾਮੀ ਤੋਂ ਆਜ਼ਾਦੀ ਦਵਾਣ ਦਾ ਇੰਨਾ ਮਹਾਨ ਕੰਮ ਕਰਨਾ ਕਿ ਉਸਦੇ ਉੱਪਰ ਸਰਸਰੀ ਨਜ਼ਰ ਮਾਰਨ ਨਾਲ ਆਦਮੀ ਚਕ੍ਰਿਤ ਰਹ ਜਾਂਦਾ ਹੈ ਤੇ ਬੇ-ਅਖਤਿਆਰ ਹੋ ਕਹ ਉਠਦਾ ਹੈ ਕਿ ਹੈਂ! ਇੰਨੇ ਥੋੜੇ ਜਹੇ ਦਿਨ ਤੇ ਇੰਨਾ ਮਹਾਨ ਕੰਮ!!! ਕਰਾਮਾਤ ਹੈ।

ਇਹ ਗੁਰੂ ਸਾਹਿਬਾਨ ਦੇ ਜੀਵਨ ਇਸ ਗਲ ਦਾ ਸਾਡੇ ਲਈ ਪੂਰਨਾ ਤੇ ਨਮੂਨਾ ਆਦਰਸ਼ ਹਨ ਕਿ ਜੋ ਵਯਕਤੀ ਆਪਣੇ ਜੀਵਨ ਵਿਚ ਜਿੰਨਾ ਹੀ ਸੁਚੇਤ ਹੋਕੇ ਵਧ ਤੋਂ ਵਧ ਕੰਮ ਕਰਦਾ ਅਰਥਾਤ ਸਮੇਂ ਤੋਂ ਯੋਗ ਕੰਮ ਲੈਂਦਾ ਹੈ ਉਹ ਸੰਸਾਰ ਦੇ ਤਖਤੇ ਤੇ ਉਨਾਂ ਹੀ ਚਮਕਦਾ ਹੈ ਤੇ ਉਨਾਂ ਹੀ ਰੌਸ਼ਨ ਹੁੰਦਾ ਹੈ। ਸਾਡੇ ਪੂਰਵ ਸਿੱਖਾਂ ਨੇ ਇਨ੍ਹਾਂ ਹੀ ਪੂਰਨਿਆਂ ਤੇ ਟੁਰਦਿਆਂ ਸੁਸਤੀ ਆਲਸ ਤੋਂ ਦੂਰ ਰੈਹ ਸੁਚੇਤ ਹੋ ਸਮੇਂ ਦੀ ਕਦਰ ਕਰਨ ਤੋਂ 'ਤਿਆਰ ਬਰਤਿਆਰ ਖਾਲਸੇ' ਦਾ ਖਿਤਾਬ ਪ੍ਰਾਪਤ ਕੀਤਾ, ਆਪਣੀ ਕੌਮ ਦੀ ਆਨ ਨੂੰ ਕਾਇਮ ਰਖਿਆ, ਸ਼ਾਨ ਨੂੰ ਵਧਾਇਆ ਤੇ ਖਾਲਸੇ ਦੀ ਕੀਰਤੀ ਨੂੰ ਚਾਰ ਚੰਨ ਲਾਏ, ਪਰੰਤੂ ਅਜ ਸਾਡੀ ਹਾਲਤ ਨਾਕਾਬਲੇ ਬਿਆਨ ਹੈ।

"ਤਿਆਰ ਬਰਤਿਆਰ"

ਦਾ ਲਫਜ਼ ਜੋ ਸਾਡਾ ਕੌਮੀ ਬੋਲਾ ਸੀ ਸਾਨੂੰ ਭੁਲ ਗਿਆ ਹੈ।

"ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ" ਦਾ ਮਹਾਂ ਵਾਕ ਜੋ ਸਾਡੀ ਜ਼ਿੰਦਗੀ ਦਾ ਸਹਾਰਾ ਸੀ ਸਾਨੂੰ ਵਿੱਸਰ ਗਿਆ ਹੈ-

"ਮਨ ਕਰ ਹਲਾ"

ਦੀ ਧੁਨੀ ਜੋ ਸਦਵੀ ਸਾਡੇ ਹਿਰਦੇ ਵਿਚੋਂ ਉਠਦੀ ਰਹਿੰਦੀ ਹੈ, ਅਲੋਪ ਹੋ ਗਈ ਹੈ। ਇਹ ਹੀ ਕਾਰਨ ਹੈ ਕਿ ਅਸੀਂ ਸਮੇਂ ਦੀ ਵਾਗ ਨੂੰ ਅੱਗੋਂ ਫੜਨ ਦੀ ਥਾਂ ਉਸਦੇ ਗੁਜ਼ਰ ਜਾਣ ਮਗਰੋਂ ਫੜਨ ਲਈ ਪਿੱਛੇ ਦੌੜਦੇ ਹਾਂ, ਜਿਸਦਾ ਸਿੱਟਾ ਹਰ ਮਾਮਲੇ ਵਿਚ ਇਹ ਨਿਕਲ ਰਿਹਾ ਹੈ ਕਿ ਸੰਸਾਰਕ, ਬਿਵਹਾਰਕ, ਭਾਈਚਾਰਕ ਤੇ ਪ੍ਰਮਾਰਥਕ ਹਰ ਪਹਲੂ ਤੋਂ ਸਾਡੇ ਜੀਵਨ ਦੇ ਲਾਲੇ ਪੈ ਰਹੇ ਹਨ।

ਖਾਲਸਾ ਜੀ! ਅਜ ਵੀਹਵੀਂ ਸਦੀ ਵਿਚ ਇਕ ਤੇ ਇਕ ਦੋ ਵਾਂਗ ਇਹ ਗਲ ਸਾਬਤ ਹੋ ਗਈ ਹੈ ਕਿ ਵਿਦਜਾ ਪ੍ਰਮਾਰਥ ਦੀ ਕੁੰਜੀ ਹੈ, ਵਿਦਜਾ ਬਿਵਹਾਰਕ ਕੰਮਾਂ ਨੂੰ ਨਜਿੱਠਣ ਦਾ ਬਾਨ੍ਹਣੂੰ ਹੈ ਤੇ ਵਿਦਜਾ ਸੰਸਾਰਕ ਮਾਮਲਿਆਂ ਨੂੰ ਸਰ ਅੰਜਾਮ ਦੇਣ ਦਾ ਵਸੀਲਾ ਹੈ। ਜ਼ਮਾਨਾ ਉੱਚੀ ਉੱਚੀ ਹੋਕੇ ਦੇਕੇ ਕਹਿ ਰਿਹਾ ਹੈ ਕਿ-

ਜ਼ਮਾਨਾ ਹੈ ਨਾਮ ਮੇਰਾ ਤੋਂ ਮੈਂ ਕਰ ਦਿਖਾਊਂਗਾ।
ਗਾਫ਼ਲ ਰਹੇਂਗੇ ਮੁਝ ਸੇ ਜੋ ਉਨ ਕੋ ਮਿਟਾਊਂਗਾ।

– **ਖਾਲਸਾ ਸਮਾਚਾਰ**, 20 ਮਾਰਚ 1919 'ਚੋਂ

❖ ❖ ❖ ❖

## ਸਾਨੂੰ ਰੱਖ ਸੁਤੰਤਰ ਦਾਤੇ

ਹੇ ਸਭ ਤੋਂ ਉੱਚੇ ਉੱਡਣ ਵਾਲੇ ਅਰਸ਼ਾਂ ਤੋਂ ਭੀ ਪਰੇ ਪਰੇ!
ਉੱਚੇ ਵੱਸੋ ਬਿਨਾਂ ਆਲ੍ਹਣੇ ਬਿਨ ਖੰਭਾਂ ਤਰ ਗਗਨ ਰਹੇ!
ਪੌਣ, ਅਕਾਸ਼, ਧਰਤਿ, ਤਲ, ਪਾਣੀ ਹਰ ਥਾਂ ਤੋਂ ਦਿਲ-ਪੀੜ ਸੁਣੇਂ,
ਸੁਣ ਅਰਦਾਸ ਪਸ਼ੂ ਦੀ ਦਾਤੇ! ਕਦੇ ਨ ਰੱਖੀਂ ਮਿਹਰ ਖੁਣੇਂ,

ਸਾਨੂੰ ਰੱਖ ਸੁਤੰਤਰ ਦਾਤੇ! ਬੰਦੀ ਸਾਥੋਂ ਦੂਰ ਢਹੇ,
ਪਰਤੰਤਰ ਨਾ ਕਦੇ ਕਰਾਂਵੀਂ ਖੁਲ੍ਹ ਦਾ ਸਦਾ ਸ਼ਊਰ ਰਹੇ।
ਮੂੰਹ ਤਕੀਏ ਨਾ ਕਦੇ ਕੈਦ ਦਾ ਕਦੇ ਗ਼ੁਲਾਮੀ ਆਵੇ ਨਾ,
ਗੋਲਾ ਕਦੇ ਨ ਕਰੀਂ ਕਿਸੇ ਦਾ ਪਿੰਜਰੇ ਸਾਨੂੰ ਪਾਵੇ ਨਾ।

ਦਾਸ ਬਣਾ ਨਾ ਖ਼ਿਦਮਤ ਪਾਵੀਂ, ਸਾਡੀ ਖੁੱਲ੍ਹ ਖੁਹਾਵੀਂ ਨਾਂ।
ਦੂਏ ਦੇ ਵਸ ਪਾ ਕੇ ਸਾਨੂੰ ਮਨ ਦੀ ਮੌਜ ਗੁਵਾਵੀਂ ਨਾਂ।
ਆਜ਼ਾਦੀ ਹੱਕ ਤੇਰਾ ਦਿੱਤਾ, ਸਭ ਨੂੰ ਦਾਤ ਕਰਾਈਂ ਤੂੰ।
ਤ੍ਰੁਠ ਪ੍ਰਭੂ ਜੀ ਦਾਤ ਨ ਖੁੱਸੇ, ਦਿਤੀ ਦਈ ਰਹਾਈਂ ਤੂੰ।

ਮਰਜ਼ੀ ਹੇਠ ਕਿਸੇ ਦੀ ਮਰਜ਼ੀ ਧੱਕੇ ਨਾਲ ਨ ਲਗੇ ਕਦੀ,
ਰੋਕਾ ਕਿਸੇ ਕਿਸਮ ਦਾ ਸਾਈਆਂ! ਪਵੇ ਕਦੇ ਨਾ ਠਗੇ ਕਦੀ।
ਜੰਗਲ ਵਾਸਾ ਬੇਸ਼ਕ ਦੇਵੀਂ, ਮਾੜੀ ਮਹਿਲ ਨ ਸ਼ਹਿਰ ਦਈਂ,
ਤਨ ਨੂੰ ਕੱਜਣ ਖੁਸ਼ੀ ਮਿਲੇ ਪਰ ਖੁੱਲ੍ਹ ਕਦੇ ਨਾ ਖੱਸ ਲਈਂ।

ਬੇਸ਼ਕ ਸਾਡੀ ਚੋਗ ਖਿਲਾਰੀਂ ਹੰਢ ਹੰਢ ਦਿਨ ਪੇਟ ਭਰੇ,
ਪੇਟ ਭਰੇ ਚਹਿ ਊਣਾ ਰਹਿ ਜਏ ਖੁੱਲ੍ਹ ਨ ਸਾਡੀ ਕਦੇ ਮਰੇ।
ਰੁੱਖੋ ਰੁੱਖ ਫਿਰਾਵੀਂ ਸਾਨੂੰ, ਡਾਲੋ ਡਾਲ ਉਡਾਵੀਂ ਤੂੰ,
ਧ੍ਰੇਕੋ ਧ੍ਰੇਕ ਟਪਾ ਕੇ ਸਾਨੂੰ ਕੌੜੇ ਫਲੀਂ ਰਿਝਾਵੀਂ ਤੂੰ।

ਬਨ, ਪਰਬਤ, ਜਲ, ਬਨੀਂ, ਪਹਾੜੀਂ ਰੇਤ ਥਲੀਂ ਥਾਂ ਦੇਵੀਂ ਤੂੰ,
ਖੁੱਲ੍ਹ ਜੁ ਦਿੱਤਾ ਹੱਕ ਸਭਸ ਨੂੰ, ਦੇਕੇ ਕਦੇ ਨ ਲੇਵੀਂ ਤੂੰ।
ਆਨ ਬਾਨ, ਦਿਲ ਸ਼ਾਨ ਅਸਾਡੀ, ਤੇਰੇ ਤਾਣ ਰਖਾਵੀਂ ਤੂੰ,
ਪਜਾਰ ਆਪਨੇ ਬਾਝ ਪ੍ਰਭੂ ਜੀ! ਦੂਜੀ ਕੈਦ ਨ ਪਾਵੀਂ ਤੂੰ।

– ਗੰਗਾ ਰਾਮ, **ਬਿਜਲੀਆਂ ਦੇ ਹਾਰ**

# ਭਾਰਤ ਦੀ ਆਜ਼ਾਦੀ ਵਿਚ ਸਿੱਖ ਗੁਰਦੁਆਰਿਆਂ ਦਾ ਯੋਗਦਾਨ

❖ ਡਾ. ਹਰਬੰਸ ਸਿੰਘ ਚਾਵਲਾ

ਭਾਰਤ ਦੀ ਆਜ਼ਾਦੀ ਦੀ ਲੜਾਈ ਕੇਵਲ ਹਿੰਦੁਸਤਾਨ ਦੀਆਂ ਸੀਮਾਵਾਂ ਵਿਚ ਰਹਿ ਕੇ ਹੀ ਨਹੀਂ ਲੜੀ ਗਈ ਸਗੋਂ ਵਿਸ਼ਵ ਦੇ ਕਈ ਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਨੇ ਆਪੋ-ਆਪਣੇ ਢੰਗ ਅਤੇ ਸਾਧਨਾਂ ਦੁਆਰਾ ਆਜ਼ਾਦੀ ਹਾਸਲ ਕਰਨ ਲਈ ਬੜੀਆਂ ਕੁਰਬਾਨੀਆਂ ਕੀਤੀਆਂ ਅਤੇ ਸੁਤੰਤਰਤਾ ਸੰਗਰਾਮ ਵਿਚ ਆਪਣਾ ਹਿੱਸਾ ਪਾਇਆ। ਕਦੇ ਇਸ ਲੜਾਈ ਦਾ ਖੇਤਰ ਕੈਨੇਡਾ ਅਤੇ ਅਮਰੀਕਾ ਸੀ ਜਿਥੋਂ ਗ਼ਦਰ ਲਹਿਰ ਸ਼ੁਰੂ ਹੋਈ ਅਤੇ ਕਦੇ ਇਹ ਇੰਡੀਅਨ ਨੈਸ਼ਨਲ ਆਰਮੀ (I.N.A.) ਦੇ ਸੂਰਬੀਰ ਸੈਨਿਕ ਸਨ ਜਿਨ੍ਹਾਂ ਨੇ ਬਰਮਾ, ਸਿੰਘਾਪੁਰ, ਮਲਾਇਆ, ਹਾਂਗ ਕਾਂਗ, ਜਰਮਨੀ ਅਤੇ ਜਾਪਾਨ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਦੇ ਜਤਨ ਕੀਤੇ। ਇਨ੍ਹਾਂ ਸਾਰੇ ਜਤਨਾਂ ਦੇ ਪਿੱਛੇ ਸਿੱਖ ਗੁਰਦੁਆਰਿਆਂ ਦਾ ਬਹੁਤ ਵੱਡਾ ਯੋਗਦਾਨ ਰਿਹਾ, ਜਿਨ੍ਹਾਂ ਵਿਚ ਇਕੱਠੇ ਹੋ ਕੇ ਭਾਰਤ ਦੇ ਦੇਸ਼ ਵਾਸੀ ਆਪਣੇ ਵਿਚਾਰ ਸਾਂਝੇ ਕਰਦੇ, ਇੰਗਲੈਂਡ ਅਤੇ ਕੈਨੇਡਾ ਦੀਆਂ ਗੋਰੀਆਂ ਸਰਕਾਰਾਂ ਦੇ ਵਿਰੁੱਧ ਮਤੇ ਪਾਸ ਕਰਦੇ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਦੇ ਪ੍ਰੋਗਰਾਮ ਉਲੀਕਦੇ ਰਹੇ। ਆਜ਼ਾਦੀ ਦੇ ਇਸ ਲੰਮੇ ਸੰਘਰਸ਼ ਵਿਚ ਇਨਕਲਾਬੀ ਨੌਜਵਾਨਾਂ ਨੂੰ ਗੁਰੂ ਨਾਨਕ ਨੇ ਬੜਾ ਪ੍ਰਭਾਵਿਤ ਕੀਤਾ। ਪੰਜਾਬ ਅਤੇ ਭਾਰਤ ਦੇ ਇਹ ਵੀਰ ਨਾਇਕ ਉਨ੍ਹਾਂ ਲਈ ਪ੍ਰੇਰਨਾ ਦਾ ਸਰੋਤ ਬਣੇ ਰਹੇ।

ਦੇਸ਼ ਨੂੰ ਜਥੇਬੰਦਕ ਤੌਰ ਤੇ ਆਜ਼ਾਦ ਕਰਾਉਣ ਦੀ ਸ਼ੁਰੂਆਤ 1857 ਦੇ ਗ਼ਦਰ (ਜੰਗੇ ਆਜ਼ਾਦੀ) ਅਤੇ ਬਾਬਾ ਰਾਮ ਸਿੰਘ ਜੀ ਦੁਆਰਾ ਸਥਾਪਤ 'ਸੰਤ ਖਾਲਸਾ' ਨਾਲ ਹੋਈ। ਬਾਬਾ ਰਾਮ ਸਿੰਘ ਦੁਆਰਾ ਸਥਾਪਿਤ ਸੰਤ ਖਾਲਸਾ ਹੀ ਕੂਕਾ ਅੰਦੋਲਨ ਅਥਵਾ ਨਾਮਧਾਰੀ ਲਹਿਰ ਵਿਚ ਤਬਦੀਲ ਹੋ ਗਿਆ ਜਿਸਨੇ ਅਨੇਕਾਂ ਕੁਰਬਾਨੀਆਂ ਰਾਹੀਂ ਸੁਤੰਤਰਤਾ ਸੰਗਰਾਮ 'ਚ ਆਪਣੀ ਮੁਢਲੀ ਆਹੂਤੀ ਪਾਈ।

ਲਾਲਾ ਲਾਜਪਤ ਰਾਏ ਜਿਨ੍ਹਾਂ ਨੂੰ ਸ਼ੇਰੇ ਪੰਜਾਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਨੇ ਬਚਪਨ ਵਿਚ ਆਪਣੀ ਮਾਤਾ ਗੁਲਾਬ ਦੇਵੀ ਕੋਲੋਂ ਗੁਰੂ ਗੋਬਿੰਦ ਸਿੰਘ ਅਤੇ ਹੋਰ ਭਾਰਤੀ ਵੀਰਾਂ ਦੀਆਂ ਅਨੇਕਾਂ ਸਾਖੀਆਂ ਸੁਣੀਆਂ ਸਨ। ਉਨ੍ਹਾਂ ਦੇ ਜੀਵਨ ਤੇ ਰਾਣਾ ਪ੍ਰਤਾਪ, ਸ਼ਿਵਾਜੀ, ਰਾਣੀ ਲਕਸ਼ਮੀ ਬਾਈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦੀ ਗਹਿਰੀ ਛਾਪ ਸੀ। ਇਸ ਗੱਲ ਦਾ ਜ਼ਿਕਰ ਉਨ੍ਹਾਂ ਨੇ **ਯੰਗ ਇੰਡੀਆ** ਵਿਚ ਘਟੋ ਘਟ ਦੋ ਥਾਂ ਤੇ ਕੀਤਾ ਹੈ। ਕਿਸੇ ਹੋਰ ਥਾਂ ਤੇ ਉਹ ਆਪਣੀ ਮਾਤਾ ਗੁਲਾਬ ਦੇਵੀ ਬਾਰੇ ਲਿਖਦੇ ਹਨ ਕਿ 'ਉਨ੍ਹਾਂ ਦਾ ਜਨਮ ਸਿੱਖ ਘਰਾਣੇ ਵਿਚ ਹੋਇਆ ਸੀ। ਮੇਰੇ ਨਾਨਾ ਜੀ, ਨਾਨੀ ਜੀ ਅਤੇ ਮਾਮੇ ਸਿੱਖ ਸਨ। ਉਹ ਸਵੇਰੇ ਉੱਠ ਕੇ ਗੁਰਬਾਣੀ ਦਾ ਪਾਠ ਕਰਿਆ ਕਰਦੇ ਸਨ।' ਲਾਲਾ ਲਾਜਪਤ ਰਾਏ ਨੇ ਆਪਣੀ ਮਾਤਾ ਦੇ ਆਦਰਸ਼ਕ ਜੀਵਨ ਤੋਂ ਬਹੁਤ ਕੁੱਝ ਗ੍ਰਹਿਣ ਕੀਤਾ ਸੀ। ਜਦੋਂ ਕੈਨੇਡਾ ਅਤੇ ਅਮਰੀਕਾ ਵਿਚ ਗ਼ਦਰ ਲਹਿਰ ਸ਼ੁਰੂ ਹੋਈ ਤਾਂ ਉਦੋਂ ਵੀ **ਗ਼ਦਰ** ਪਰਚੇ ਦੇ ਉਪਰ ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਪੰਕਤੀਆਂ ਨੂੰ ਅੰਕਿਤ ਕੀਤਾ ਜਾਂਦਾ ਸੀ:

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥** (ਅੰਗ ੧੪੧੨)

**ਗ਼ਦਰ** ਅਖ਼ਬਾਰ ਵਿਚ ਛਪਣ ਵਾਲੀਆਂ ਕਵਿਤਾਵਾਂ ਵਿਚ ਥਾਂ ਥਾਂ ਤੇ ਸਿੱਖ ਸ਼ਹੀਦਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਸੀ ਅਤੇ ਨੌਜਵਾਨਾਂ ਨੂੰ ਵੰਗਾਰ ਪਾਈ ਜਾਂਦੀ ਸੀ:

ਸਿੰਘ ਨਾਮ ਰਖ ਕਿਉਂ ਗੁਲਾਮੀ ਵਾਲੀ ਛਟ ਚੁਕੀ,
ਗਿਦੜਾਂ ਦੇ ਵਾਂਗ ਕਿਉਂ ਲੁਕੋਂਦੇ ਫਿਰੋ ਜਾਨ ਨੂੰ।
ਆਉ ਜੰਗ ਦੇ ਮੈਦਾਨ ਨਹੀਂ ਛਡੋ ਸਿੰਘੀ ਨਾਮ,
ਐਵੇਂ ਲਾਜ ਕਿਉਂ ਲਗੌਂਦੇ ਹੋ ਗੋਬਿੰਦ ਸਿੰਘ ਦੇ ਨਾਮ ਨੂੰ।...

ਦੇਸ਼ ਵਿਚ ਆਰਥਕ ਮੰਦਹਾਲੀ ਦੇ ਕਾਰਨ ਵੀਹਵੀਂ ਸਦੀ ਦੇ ਸ਼ੁਰੂ ਹੁੰਦਿਆਂ ਹੀ ਬਹੁਤ ਸਾਰੇ ਭਾਰਤੀ ਚੰਗੇ ਭਵਿੱਖ ਦੀ ਆਸ ਲੈ ਕੇ ਪ੍ਰਦੇਸਾਂ ਵਿਚ ਜਾਣੇ ਸ਼ੁਰੂ ਹੋ ਗਏ ਸਨ। ਮੁੱਢਲੇ ਪ੍ਰਵਾਸੀਆਂ ਵਿਚੋਂ ਵਧੇਰੇ ਕਰਕੇ ਪੰਜਾਬ ਦੇ ਕਿਸਾਨ ਅਤੇ ਭਾਰਤੀ ਸੈਨਾ ਵਿਚੋਂ ਸੇਵਾਮੁਕਤ ਹੋਏ ਸਿੱਖ ਨੌਜਵਾਨ ਸਨ ਜਿਹੜੇ ਬਰਮਾ, ਮਲਾਇਆ, ਸਿੰਘਾਪੁਰ, ਹਾਂਗ ਕਾਂਗ, ਸ਼ੰਘਾਈ, ਵੈਨਕੂਵਰ (ਕੈਨੇਡਾ) ਅਤੇ ਸਾਨਫ੍ਰਾਂਸਿਸਕੋ (ਅਮਰੀਕਾ) ਆਦਿ ਦੇਸ਼ਾਂ ਵਿਚ ਪਹੁੰਚ ਚੁਕੇ ਸਨ। ਜਿੱਥੇ ਉਨ੍ਹਾਂ ਨੇ ਆਪਣੇ ਲਈ ਨਵੇਂ ਨਵੇਂ ਆਰਥਕ ਵਸੀਲੇ ਲੱਭੇ ਉੱਥੇ ਨਾਲ ਹੀ ਉਨ੍ਹਾਂ ਨੇ ਆਪਣੀ ਸੰਸਕ੍ਰਿਤੀ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਥਾਂ ਥਾਂ ਤੇ ਗੁਰਦੁਆਰੇ ਵੀ ਸਥਾਪਤ ਕੀਤੇ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਜਦੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਜਤਨ ਸ਼ੁਰੂ ਕੀਤੇ ਗਏ ਤਾਂ ਇਹ ਗੁਰਦੁਆਰੇ ਹੀ ਆਜ਼ਾਦੀ ਦੇ ਸੰਘਰਸ਼ ਦੇ ਪ੍ਰਮੁੱਖ ਕੇਂਦਰ ਬਣੇ। **ਗ਼ਦਰ ਮੂਵਮੈਂਟ** ਵਿਚ ਇਕ ਥਾਂ ਤੇ ਡਾ. ਹਰੀਸ਼ ਪੁਰੀ ਲਿਖਦਾ ਹੈ ਕਿ 'most meetings were held in Gurdwaras, but the dominant mood was anti British, defiant and militant. (P.45)

ਵੈਨਕੂਵਰ (ਕੈਨੇਡਾ) ਵਿਖੇ ਪਹਿਲਾ ਸਿੱਖ ਗੁਰਦੁਆਰਾ 22 ਜੁਲਾਈ 1906 ਨੂੰ ਜੌਹ ਨਸਨ ਸਟਰੀਟ ਵਿਚ ਇਕ ਕਿਰਾਏ ਦੀ ਇਮਾਰਤ ਵਿਚ ਸਥਾਪਤ ਕੀਤਾ ਗਿਆ। ਗੁਰਦੁਆਰੇ ਦੀ ਪੱਕੀ ਇਮਾਰਤ ਸੈਕਿੰਡ ਐਵੇਨਿਊ ਤੇ ਉਸਾਰੀ ਗਈ। 23 ਅਕਤੂਬਰ 1909 ਨੂੰ ਵੈਨਕੂਵਰ ਦੇ ਗੁਰਦੁਆਰੇ ਵਿਚ ਹੋਈ ਮੀਟਿੰਗ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਅੰਤ੍ਰਿੰਗ ਕਮੇਟੀ ਦਾ ਕੋਈ ਵੀ ਮੈਂਬਰ ਅੰਗਰੇਜ਼ਾਂ ਵਲੋਂ ਮਿਲੇ ਕਿਸੇ ਮੈਡਲ, ਵਿਸ਼ੇਸ਼ ਡਰੈਸ ਜਾਂ ਚਿੰਨ੍ਹ ਦਾ ਪ੍ਰਯੋਗ ਨਹੀਂ ਕਰੇਗਾ। ਇਹ ਸਨਮਾਨ ਸਾਡੀ ਗੁਲਾਮੀ ਅਤੇ ਅੰਗਰੇਜ਼ਾਂ ਦੀ ਪ੍ਰਭੂਸੱਤਾ ਦੇ ਪ੍ਰਤੀਕ ਹਨ। ਪਾਸ ਕੀਤੇ ਗਏ ਇਸ

ਮਤੇ ਤੋਂ ਬਾਦ ਭਾਈ ਭਾਗ ਸਿੰਘ ਕੈਨੇਡੀਅਨ ਨੇ ਉਹ ਸਾਰੇ ਸਰਟੀਫਿਕੇਟ, ਸਨਮਾਨ-ਪੱਤਰ ਅਤੇ ਵਸਤਾਂ ਨੂੰ ਅੱਗ ਲਗਾ ਕੇ ਜਲਾ ਦਿੱਤਾ ਜੋ ਉਸਨੂੰ ਅੰਗਰੇਜ਼ਾਂ ਦੀ ਨੌਕਰੀ ਸਮੇਂ ਉਸਦੀਆਂ ਵਧੀਆ ਸੇਵਾਵਾਂ ਕਰਕੇ ਦਿੱਤੇ ਗਏ ਸਨ। ਭਾਈ ਭਾਗ ਸਿੰਘ ਨੂੰ 5 ਸਤੰਬਰ 1914 ਨੂੰ ਇਸੇ ਗੁਰਦੁਆਰੇ ਦੇ ਅੰਦਰ ਅੰਗਰੇਜ਼ ਅਫ਼ਸਰ ਹਾਪਕਿਨਸਨ ਦੇ ਇਸ਼ਾਰੇ ਤੇ ਬੇਲਾ ਸਿੰਘ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

1913 ਦੇ ਸ਼ੁਰੂ ਵਿਚ ਗਿਆਨੀ ਭਗਵਾਨ ਸਿੰਘ ਦੇ ਮਲਾਇਆ ਅਤੇ ਹਾਂਗ ਕਾਂਗ ਤੋਂ ਕੈਨੇਡਾ ਆ ਜਾਣ ਨਾਲ ਅੰਗਰੇਜ਼ ਵਿਰੋਧੀ ਪ੍ਰਚਾਰ ਅਤੇ ਰਾਸ਼ਟਰੀ ਭਾਵਨਾ ਨੂੰ ਬਹੁਤ ਬੱਲ ਮਿਲਿਆ। ਕੈਨੇਡਾ ਆਉਣ ਤੋਂ ਪਹਿਲਾਂ ਉਹ ਪੇਰਾਕ (Perak) ਗੁਰਦੁਆਰੇ ਦਾ ਗ੍ਰੰਥੀ ਸੀ। ਉਹ ਬੜਾ ਪ੍ਰਭਾਵਸ਼ਾਲੀ ਵਕਤਾ ਅਤੇ ਇਨਕਲਾਬੀ ਵਿਚਾਰਾਂ ਵਾਲਾ ਨੌਜਵਾਨ ਸੀ। ਗੁਰਦੁਆਰੇ ਵਿਚ ਹੋਣ ਵਾਲੀਆਂ ਸਭਾਵਾਂ ਵਿਚ ਉਹ ਜਿੱਥੇ ਸਿੱਖ ਇਤਿਹਾਸ ਅਤੇ ਦਸਮ ਬਾਣੀ ਵਿਚੋਂ ਮਿਸਾਲਾਂ ਦੇ ਕੇ ਸਰੋਤਿਆਂ ਵਿਚ ਆਜ਼ਾਦੀ ਦੀ ਭਾਵਨਾ ਨੂੰ ਜਾਗ੍ਰਿਤ ਕਰਨ ਦਾ ਜਤਨ ਕਰਿਆ ਕਰਦਾ ਸੀ ਉੱਥੇ ਨਾਲ ਹੀ ਉਹ ਕਿਹਾ ਕਰਦਾ ਸੀ ਕਿ ਸਾਡਾ ਇਕੋ ਇਕ ਨਾਅਰਾ 'ਬੰਦੇ ਮਾਤ੍ਰਮ' ਹੋਣਾ ਚਾਹੀਦਾ ਹੈ ਜਿਸਦੀ ਗੂੰਜ ਅਤੇ ਵੰਗਾਰ ਥਲੇ ਅਸੀਂ ਆਪਣੀ ਆਜ਼ਾਦੀ ਦੇ ਲਕਸ਼ ਵਲ ਅਗੇ ਵੱਧ ਸਕਦੇ ਹਾਂ। ਭਾਈ ਭਗਵਾਨ ਸਿੰਘ ਦੇ ਅੰਗਰੇਜ਼ ਵਿਰੋਧੀ ਪ੍ਰਚਾਰ ਕਾਰਨ ਉਸਨੂੰ ਬਹੁਤੀ ਦੇਰ ਤਕ ਕੈਨੇਡਾ ਵਿਚ ਟਿਕਣ ਨਾ ਦਿੱਤਾ ਗਿਆ, ਪਰ ਅਗੇ ਚਲ ਕੇ ਲਾਹੌਰ ਕਾਂਸਪੀਰੇਸੀ ਕੇਸ ਦੀ ਵਿਸ਼ੇਸ਼ ਅਦਾਲਤ ਨੇ ਇਹ ਸਵੀਕਾਰ ਕੀਤਾ ਸੀ ਕਿ ਗ਼ਦਰ ਲਹਿਰ ਦੇ ਸ਼ੁਰੂ ਹੋਣ ਤੋਂ ਪਹਿਲਾਂ ਵੈਨਕੂਵਰ (ਦਾ ਗੁਰਦੁਆਰਾ) ਅੰਗਰੇਜ਼ੀ ਰਾਜ ਦੀ ਵਿਰੋਧਤਾ ਦਾ ਸਭ ਤੋਂ ਵੱਡਾ ਕੇਂਦਰ ਬਣ ਚੁਕਾ ਸੀ।

ਕੈਨੇਡਾ ਦੀ ਸਰਕਾਰ ਨੇ ਕਈ ਅਜਿਹੇ ਕਾਨੂੰਨ ਪਾਸ ਕਰ ਲਏ ਸਨ ਜਿੰਨ੍ਹਾਂ ਕਾਰਨ ਭਾਰਤੀ ਮੂਲ ਦੇ ਲੋਕਾਂ ਦਾ ਕੈਨੇਡਾ ਵਿਚ ਪ੍ਰਵੇਸ਼ ਪਾ ਸਕਣਾ ਲਗਭਗ ਅਸੰਭਵ ਹੀ ਹੋ ਗਿਆ ਸੀ। ਇਸਦੇ ਨਾਲ ਹੀ ਨਾਲ ਕੈਨੇਡਾ ਵਿਚ ਪਹੁੰਚ ਚੁਕੇ ਭਾਰਤੀਆਂ ਨੂੰ ਉਥੋਂ ਕੱਢਣ ਦੇ ਵੀ ਜਤਨ ਕੀਤੇ ਜਾ ਰਹੇ ਸਨ। ਇਸ ਦੇ ਪ੍ਰਤੀਕਰਮ ਵਜੋਂ ਗ਼ਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਥੋਂ ਦੇ ਭਾਰਤੀ ਪਰਵਾਸੀਆਂ ਨੇ ਇਨ੍ਹਾਂ ਵਿਤਕਰੇ ਭਰੇ ਕਾਨੂੰਨਾਂ ਅਤੇ ਬ੍ਰਿਟਿਸ਼ ਸਾਮਰਾਜ ਵਿਰੁੱਧ ਆਪਣੀ ਲੜਾਈ ਸ਼ੁਰੂ ਕਰ ਦਿੱਤੀ ਸੀ। ਬਾਬਾ ਗੁਰਦਿੱਤ ਸਿੰਘ ਦੁਆਰਾ ਕਿਰਾਏ ਤੇ ਲੈ ਕੇ ਚਲਾਇਆ ਗਿਆ ਜਹਾਜ਼, ਕੋਮਾਗਾਟਾ ਮਾਰੂ (ਗੁਰੂ ਨਾਨਕ ਜਹਾਜ਼) ਇਸੇ ਲੜਾਈ ਦੀ ਹੀ ਇਕ ਕੜੀ ਸੀ ਜਿਸ ਨੇ ਅੰਗਰੇਜ਼ ਸਾਮਰਾਜੀਆਂ ਦੀ 'ਇਨਸਾਫ਼ ਪਸੰਦ' ਨੀਤੀ ਦਾ ਪਾਜ ਉਘੇੜ ਕੇ ਸੰਸਾਰ ਦੇ ਸਾਮ੍ਹਣੇ ਰੱਖ ਦਿੱਤਾ।

ਦੋ ਮਹੀਨੇ ਸਮੁੰਦਰ ਵਿਚ ਰੁਕੇ ਰਹਿਣ ਮਗਰੋਂ ਕੋਮਾਗਾਟਾ ਮਾਰੂ 23 ਜੁਲਾਈ 1914 ਨੂੰ ਵੈਨਕੂਵਰ ਤੋਂ ਵਾਪਸੀ ਸਫਰ ਲਈ ਚਲ ਪਿਆ। ਰਸਤੇ ਵਿਚ ਯੋਕੋਹਾਮਾਂ, ਹਾਂਗ ਕਾਂਗ, ਕੋਬੇ ਅਤੇ ਸਿੰਘਾਪੁਰ ਰੁਕਦਾ ਹੋਇਆ ਇਹ ਜਹਾਜ਼ 29 ਸਤੰਬਰ 1914 ਨੂੰ ਕਲਕੱਤੇ ਦੇ ਨੇੜੇ ਬੱਜ ਬੱਜ ਘਾਟ ਪਹੁੰਚ ਗਿਆ। ਪੁਲਿਸ ਵਲੋਂ ਕੀਤੀ ਗਈ ਫਾਇਰਿੰਗ ਵਿਚ ਅਨੇਕ ਮੁਸਾਫਰ ਸ਼ਹੀਦ ਹੋ ਗਏ। ਬਾਬਾ ਗੁਰਦਿੱਤ ਸਿੰਘ ਆਪਣੇ ਕੁਝ ਸਾਥੀਆਂ ਸਮੇਤ ਉਥੋਂ ਨਿਕਲ ਜਾਣ ਵਿਚ ਕਾਮਯਾਬ ਹੋ ਗਏ। ਉਸਤੋਂ ਬਾਦ ਕਰੀਬ ਸੱਤ ਸਾਲ ਤਕ ਉਹ ਭੇਸ ਬਦਲ ਕੇ ਦੇਸ਼ ਦੇ ਵੱਖ ਵੱਖ ਸਥਾਨਾਂ ਤੇ ਵਿਚਰਦੇ ਰਹੇ। ਆਖ਼ਰ ਮਹਾਤਮਾ ਗਾਂਧੀ ਦੀ ਸਲਾਹ ਤੇ ਉਨ੍ਹਾਂ 15 ਨਵੰਬਰ 1921 ਨੂੰ ਨਨਕਾਣਾ ਸਾਹਿਬ ਦੇ ਸਥਾਨ ਤੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਪੁਲਿਸ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ 10,000 ਰੁਪੈ ਦਾ ਇਨਾਮ ਰਖਿਆ ਹੋਇਆ ਸੀ। ਗ੍ਰਿਫ਼ਤਾਰੀ ਤੋਂ ਪਹਿਲਾਂ ਉਨ੍ਹਾਂ ਨੇ ਨਨਕਾਣਾ ਸਾਹਿਬ ਵਿਚ ਜੁੜੇ ਜਨ-ਸਮੂਹ ਨੂੰ ਕਰੀਬ ਦੋ ਘੰਟੇ ਤਕ ਸੰਬੋਧਨ ਕਰਦਿਆਂ ਅੰਗਰੇਜ਼ੀ ਸਾਮਰਾਜ ਦੀ ਸਖ਼ਤ ਆਲੋਚਨਾ ਕੀਤੀ ਅਤੇ ਕੋਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਵਾਪਰੀ ਦੁਖਾਂਤਕ ਘਟਨਾ ਦਾ ਜ਼ਿਕਰ ਬੜੇ ਵਿਸਥਾਰ ਨਾਲ ਕੀਤਾ।

ਉਨ੍ਹਾਂ ਦੇ ਬਿਆਨਾਂ ਨੇ ਆਜ਼ਾਦੀ ਦੀ ਲਹਿਰ ਨੂੰ ਇਕ ਨਵਾਂ ਬਲ ਪ੍ਰਦਾਨ ਕੀਤਾ ਜਿਵੇਂ ਕਿ ਮਗਰੋਂ ਵਾਪਰਨ ਵਾਲੀਆਂ ਘਟਨਾਵਾਂ ਤੋਂ ਪਤਾ ਚਲਦਾ ਹੈ। ਕੁਝ ਮਹੀਨੇ ਪਹਿਲਾਂ ਇਥੇ ਹੀ 20 ਫਰਵਰੀ 1921 ਨੂੰ ਮਹੰਤ ਨਰਾਇਣ ਦਾਸ ਦੇ ਗੁੰਡਿਆਂ ਨੇ ਭਾਈ ਲਛਮਣ ਸਿੰਘ ਅਤੇ ਦਲੀਪ ਸਿੰਘ ਦੇ ਜਥੇ ਤੇ ਗੋਲੀਆਂ ਚਲਾ ਕੇ 130 ਤੋਂ ਵੱਧ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ। ਨਨਕਾਣਾ ਸਾਹਿਬ ਦੀ ਘਟਨਾ ਨੇ ਅਕਾਲੀ ਲਹਿਰ ਨੂੰ ਅਜਿਹਾ ਮੋੜ ਦਿੱਤਾ ਕਿ ਇਹ ਲਹਿਰ ਗੁਰਦੁਆਰਿਆਂ ਦੀ ਆਜ਼ਾਦੀ ਦੇ ਨਾਲ ਨਾਲ ਦੇਸ਼ ਦੀ ਆਜ਼ਾਦੀ ਦੀ ਲਹਿਰ ਬਣ ਗਈ। ਜਦੋਂ ਚਾਬੀਆਂ ਦੇ ਮੋਰਚੇ ਦੀ ਸਫ਼ਲਤਾ ਤੋਂ ਬਾਦ ਅੰਗਰੇਜ਼ ਅਧਿਕਾਰੀਆਂ ਨੇ ਅਕਾਲ ਤਖ਼ਤ ਸਾਹਿਬ ਤੇ ਸਜੇ ਦੀਵਾਨ ਵਿਚ ਬਾਬਾ ਖੜਕ ਸਿੰਘ ਨੂੰ ਤੋਸ਼ਾਖਾਨੇ ਦੀਆਂ ਚਾਬੀਆਂ ਲਿਆਕੇ ਭੇਂਟ ਕੀਤੀਆਂ ਤਾਂ ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਤਾਰ ਰਾਹੀਂ ਵਧਾਈ ਦਿੰਦਿਆਂ ਲਿਖਿਆ ਸੀ, 'First Battle for India's freedom won, Congratulations'. ਸ਼ਾਂਤੀ ਦਾ ਦੂਤ ਕਹਾਉਣ ਵਾਲਾ ਮਹਾਤਮਾ ਗਾਂਧੀ ਗੁਰੂ ਕੇ ਬਾਗ਼ ਵਿਚ ਅਕਾਲੀਆਂ ਦੁਆਰਾ ਵਿਖਾਏ ਗਏ ਜ਼ਬਤ, ਸਹਿਨਸ਼ੀਲਤਾ ਅਤੇ ਸ਼ਾਂਤਮਈ ਅੰਦੋਲਨ ਤੋਂ ਬੇਹਦ ਪ੍ਰਭਾਵਿਤ ਹੋਇਆ ਸੀ। ਇਸ ਮੋਰਚੇ ਵਿਚ ਸ਼ਹੀਦ ਹੋਏ ਅਕਾਲੀਆਂ ਦੇ ਸਬੰਧ ਵਿਚ ਪਾਦਰੀ ਐਂਡਰੀਊਜ਼ ਨੇ ਲਿਖਿਆ ਸੀ ਕਿ ਮੈਂ ਇਥੇ ਇਕ ਨਹੀਂ ਅਨੇਕਾਂ ਈਸਾ ਮਸੀਹ ਸੂਲੀ ਤੇ ਚੜ੍ਹਦੇ ਅਤੇ ਸ਼ਹੀਦ ਹੁੰਦੇ ਵੇਖੇ ਹਨ।

ਗੁਰਦੁਆਰਿਆਂ ਦੀ ਆਜ਼ਾਦੀ ਲਈ ਚਲਾਏ ਗਏ ਅੰਦੋਲਨ ਨੇ ਸ੍ਰ. ਭਗਤ ਸਿੰਘ ਦੇ ਜੀਵਨ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਸੀ। ਜਦੋਂ ਅਕਾਲੀ ਮੋਰਚਿਆਂ ਵਿਚ ਹਿੱਸਾ ਲੈਣ ਲਈ ਜਾ ਰਿਹਾ ਇਕ ਜਥਾ ਉਨ੍ਹਾਂ ਦੇ ਪਿੰਡ ਬੰਗਾ ਵਿਚੋਂ ਲੰਘਿਆ ਤਾਂ ਭਗਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਉਸ ਜਥੇ ਦਾ ਨਿੱਘਾ ਸੁਆਗਤ ਕੀਤਾ ਅਤੇ ਜਥੇ ਨੂੰ ਪਿੰਡ ਦੀਆਂ ਸੀਮਾਵਾਂ ਤਕ ਵਿਦਾ ਕਰਨ ਲਈ ਗਿਆ। ਅਕਾਲੀਆਂ ਦੁਆਰਾ ਸ਼ੁਰੂ ਕੀਤੀ ਗਈ ਇਸ ਜੱਦੋ-ਜਹਿਦ ਨੂੰ ਰਾਸ਼ਟਰੀ ਅੰਦੋਲਨ ਦਾ ਹੀ ਹਿੱਸਾ ਸਮਝਿਆ ਗਿਆ ਤੇ ਉਸ ਸਮੇਂ ਦੇ ਕਾਂਗਰਸੀ ਨੇਤਾਵਾਂ ਨੇ ਉਨ੍ਹਾਂ ਦੀ ਅੰਗਰੇਜ਼ਾਂ ਵਿਰੁੱਧ ਇਸ ਲੜਾਈ ਵਿਚ ਹਰ ਪ੍ਰਕਾਰ ਦੀ ਸਹਾਇਤਾ ਦੇਣ ਲਈ ਕਈ ਮਤੇ ਪਾਸ ਕੀਤੇ। ਸਤਿਆਗ੍ਰਹਿ ਕਮੇਟੀ ਦੇ ਕਨਵੀਨਰ ਡਾ. ਕਿਚਲੂ ਨੇ ਅਕਾਲੀਆਂ ਨੂੰ ਰਾਸ਼ਟਰੀ ਅੰਦੋਲਨ ਦਾ ਇਕੋ ਇਕ ਜੀਊਂਦਾ ਤੇ ਗਤੀਸ਼ੀਲ ਅੰਗ ਕਹਿ ਕੇ ਉਨ੍ਹਾਂ ਦੇ ਰੋਲ ਦੀ ਸਲਾਹਣਾ ਕੀਤੀ। ਇਸੇ ਸਬੰਧ ਵਿਚ **ਅਕਾਲੀ ਤੇ ਪ੍ਰਦੇਸੀ** ਦੇ ਹਵਾਲੇ ਨਾਲ **ਦੀ ਅਕਾਲੀ ਮੂਵਮੈਂਟ** ਵਿਚ

ਡਾ. ਮਹਿੰਦਰ ਸਿੰਘ ਲਿਖਦੇ ਹਨ: The Akalis have shown to the Indians how a most arrogant, oppressive, cunning and deceitful bureaucracy can be brought to its knees by means of non-violent Satyagraha. By sacrifices at Guru Ka Bagh, they have destroyed the prestige of the bureaucracy and raised the dignity of India.'

ਜਦੋਂ 30 ਜਨਵਰੀ 1928 ਨੂੰ ਅੰਮ੍ਰਿਤਸਰ ਵਿਚ ਹੋਈ All Parties Sikh Conference ਵਿਚ ਸਾਈਮਨ ਕਮਿਸ਼ਨ ਦਾ ਬਾਈਕਾਟ ਕਰਨ ਦਾ ਫ਼ੈਸਲਾ ਲਿਆ ਗਿਆ ਤਾਂ ਬਾਬਾ ਖੜਕ ਸਿੰਘ ਕਾਂਗਰਸ ਪਾਰਟੀ ਦੀਆਂ ਜ਼ਿੰਮੇਵਾਰੀਆਂ ਦੇ ਨਾਲ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਪ੍ਰਧਾਨ ਸਨ।

ਮਈ 1930 ਵਿਚ ਮਹਾਤਮਾ ਗਾਂਧੀ ਦੀ ਗ੍ਰਿਫ਼ਤਾਰੀ ਅਤੇ ਸਿਵਲ ਨਾ-ਫੁਰਮਾਨੀ ਦੇ ਹੱਕ ਵਿਚ ਦੇਸ਼ ਵਿਆਪੀ ਹੜਤਾਲ ਰੱਖੀ ਗਈ। ਦਿੱਲੀ ਵਿਚ ਇਸ ਹੜਤਾਲ ਦਾ ਮੁੱਖ ਕੇਂਦਰ ਚਾਂਦਨੀ ਚੌਂਕ ਸੀ। ਹੜਤਾਲ ਨੂੰ ਵਿਫ਼ਲ ਬਣਾਉਣ ਲਈ ਪੁਲਿਸ ਨੇ ਪਹਿਲਾਂ ਲੋਕਾਂ ਤੇ ਲਾਠੀ ਚਾਰਜ ਤੇ ਫਿਰ ਫ਼ਾਇਰਿੰਗ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਲੋਕ ਆਪਣੀ ਜਾਨ ਬਚਾਉਣ ਲਈ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਅੰਦਰ ਚਲੇ ਗਏ। 6 ਮਈ 1930 ਨੂੰ ਗੁਰਦੁਆਰਾ ਸੀਸ ਗੰਜ ਉਪਰ ਪੁਲਿਸ ਵਲੋਂ ਕੀਤੀ ਗਈ ਫ਼ ਾਇਰਿੰਗ ਅਤੇ ਪੱਥਰ ਸੁਟਣ ਦੀ ਘਟਨਾ ਨਾਲ ਜਿੱਥੇ ਬਹੁਤ ਸਾਰੇ ਲੋਕ ਜ਼ਖ਼ਮੀ ਹੋ ਗਏ ਉਥੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਵੀ ਕਾਫ਼ੀ ਨੁਕਸਾਨ ਪਹੁੰਚਿਆ। ਡਾ. ਮਹਿੰਦਰ ਸਿੰਘ ਆਪਣੇ ਇਕ ਲੇਖ 'History of Gurdwara Sis Ganj' ਵਿਚ ਲਿਖਦੇ ਹਨ ਕਿ The action of local police greatly agitated the Sikh masses in particular and the nationalist forces in general'. ਇਸਤੋਂ ਪਹਿਲਾਂ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹੇ ਜਾਣ ਦੀ ਘਟਨਾ ਨੇ ਵੀ ਸਿੱਖਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਦੇ ਨਾਲ ਨਾਲ ਰਾਸ਼ਟਰੀ ਅੰਦੋਲਨ ਦੀ ਮੁੱਖ ਧਾਰਾ ਨਾਲ ਜੋੜ ਦਿੱਤਾ ਸੀ। ਹੁਣ ਸੀਸ ਗੰਜ ਸਾਹਿਬ ਦੀ ਘਟਨਾ ਤੋਂ ਬਾਦ 26 ਫਰਵਰੀ 1931 ਨੂੰ ਮਹਾਤਮਾ ਗਾਂਧੀ ਗੁਰਦੁਆਰਾ ਸੀਸ ਗੰਜ ਸਾਹਿਬ ਆਏ ਅਤੇ ਪੁਲਿਸ ਦੁਆਰਾ ਕੀਤੀ ਗਈ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ।

ਜਦੋਂ ਦੇਸ਼ ਵਿਚ ਇਹ ਗਤੀਵਿਧੀਆਂ ਚਲ ਰਹੀਆਂ ਸਨ ਤਾਂ ਪੰਜਾਬ ਅਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਦੀਵਾਨ ਸਿੰਘ ਕਾਲੇ ਪਾਣੀ ਜੋ ਕਿ ਭਾਰਤੀ ਸੈਨਾ ਵਿਚ ਮੈਡੀਕਲ ਅਫ਼ਸਰ ਸੀ, ਨੂੰ ਅੰਡੇਮਾਨ (ਕਾਲੇਪਾਣੀ) ਦੇ ਟਾਪੂਆਂ ਤੇ ਭੇਜ ਦਿੱਤਾ ਗਿਆ। ਉਥੇ ਭੇਜਣ ਦਾ ਵੱਡਾ ਕਾਰਨ ਉਸਦੇ ਰਾਸ਼ਟਰਵਾਦੀ ਵਿਚਾਰ ਸਨ। 1 ਅਗਸਤ 1937 ਵਿਚ ਉਸਨੇ ਪੋਰਟ ਬਲੇਅਰ ਵਿਚ ਪਹਿਲੇ ਸਿੱਖ ਗੁਰਦੁਆਰੇ ਦੀ ਸਥਾਪਨਾ ਕੀਤੀ ਜੋ ਕੁਝ ਹੀ ਸਮੇਂ ਵਿਚ ਲੋਕਾਂ ਵਿਚ ਸਮਾਜਕ, ਸੱਭਿਆਚਾਰਕ ਅਤੇ ਵਿੱਦਿਅਕ ਕ੍ਰਾਂਤੀ ਲਿਆਉਣ ਦਾ ਮਾਧਿਅਮ ਬਣ ਗਿਆ। ਇਸ ਗੁਰਦੁਆਰੇ ਵਿਚ ਲੋਕ ਬਿਨਾਂ ਕਿਸੇ ਜਾਤ, ਜਨਮ, ਅਤੇ ਧਾਰਮਕ ਵਿਤਕਰੇ ਦੇ ਇਕ ਥਾਂ ਤੇ ਆ ਕੇ ਜੁੜਦੇ ਅਤੇ ਆਪਣੇ ਦਿਨ-ਤਿਉਹਾਰ ਬੜੇ ਉਤਸ਼ਾਹ ਨਾਲ ਮਨਾਉਂਦੇ ਸਨ। ਉਨ੍ਹਾਂ ਵਿਚ ਆ ਰਹੀ ਵਿੱਦਿਅਕ ਜਾਗ੍ਰਿਤੀ ਨੇ ਉਨ੍ਹਾਂ ਨੂੰ ਦੇਸ਼ ਦੀ ਮੁੱਖ ਧਾਰਾ ਨਾਲ ਜੋੜ ਦਿੱਤਾ। ਦੂਜੀ ਵਿਸ਼ਵ ਜੰਗ ਦੇ ਸਮੇਂ ਜਦੋਂ ਜਾਪਾਨੀਆਂ ਨੇ 1942 ਦੇ ਅਖ਼ੀਰ ਵਿਚ ਅੰਡੇਮਾਨ ਟਾਪੂਆਂ ਤੇ ਆਪਣਾ ਕਬਜ਼ਾ ਕੀਤਾ ਤਾਂ ਦੀਵਾਨ ਸਿੰਘ ਕਾਲੇਪਾਣੀ ਨੂੰ ਪਕੜ ਲਿਆ ਗਿਆ। ਸਾਰੀ ਉਮਰ ਆਪਣੇ ਹੀ ਢੰਗ ਨਾਲ ਬ੍ਰਿਟਿਸ਼ ਸਾਮਰਾਜ ਦਾ ਵਿਰੋਧ ਕਰਨ ਵਾਲੇ ਦੀਵਾਨ ਸਿੰਘ ਉਪਰ ਅੰਗਰੇਜ਼ਾਂ ਦਾ ਜਾਸੂਸ ਹੋਣ ਦਾ ਇਲਜ਼ਾਮ ਲਗਾ ਕੇ 14 ਜਨਵਰੀ 1944 ਨੂੰ ਉਸਨੂੰ ਬੜੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ। ਇਸੇ ਤਰ੍ਹਾਂ ਪੰਜਾਬ ਦਾ ਇਕ ਹੋਰ ਕੌਮੀ ਸ਼ਹੀਦ ਸ੍ਰ. ਊਧਮ ਸਿੰਘ ਲੰਡਨ ਦੇ ਸਿਨਕਲੇਅਰ ਰੋਡ ਵਾਲੇ ਗੁਰਦੁਆਰੇ ਵਿਚ ਅਕਸਰ ਜਾਇਆ ਕਰਦਾ ਸੀ ਜਿੱਥੇ ਉਹ ਕਈ ਵਾਰ ਜੁਸ਼ੀਲੀਆਂ ਤਕਰੀਰਾਂ ਵੀ ਕਰਦਾ ਸੀ। ਇੱਥੇ ਕਥਾ ਕੀਰਤਨ ਦੇ ਨਾਲ ਨਾਲ ਦੇਸ਼ ਦੇ ਰਾਜਸੀ ਹਾਲਾਤ ਬਾਰੇ ਵੀ ਚਰਚਾ ਹੁੰਦੀ ਸੀ। ਊਧਮ ਸਿੰਘ ਇਨ੍ਹਾਂ ਇਕੱਤ੍ਰਤਾਵਾਂ ਵਿਚ ਬੜੀ ਦਿਲਚਸਪੀ ਲਿਆ ਕਰਦਾ ਸੀ। ਉਸਨੂੰ ਸਰ ਮਾਈਕਲ-ਓਡਵਾਇਰ ਦੇ ਕਤਲ ਦੇ ਦੋਸ਼ ਵਿਚ 31 ਜੁਲਾਈ ਸੰਨ 1940 ਨੂੰ ਪੈਨਟਨਵੀਲ ਜੇਲ੍ਹ (ਲੰਡਨ) ਵਿਚ ਫ਼ਾਂਸੀ ਦੇ ਦਿੱਤੀ ਗਈ ਸੀ।

ਦੂਜੀ ਵਿਸ਼ਵ ਜੰਗ ਤੋਂ ਬਾਦ ਦੇਸ਼ ਦੇ ਰਾਜਸੀ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। 20 ਫਰਵਰੀ 1947 ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਐਟਲੀ ਨੇ ਪਾਰਲੀਮੈਂਟ ਵਿਚ ਇਹ ਘੋਸ਼ਿਤ ਕਰ ਦਿੱਤਾ ਕਿ ਜੂਨ 1948 ਤੋਂ ਪਹਿਲਾਂ ਪਹਿਲਾਂ ਅੰਗਰੇਜ਼ ਹਿੰਦੁਸਤਾਨ ਨੂੰ ਛੱਡ ਕੇ ਚਲੇ ਜਾਣਗੇ। ਜਦੋਂ ਦੇਸ਼ ਦੀ ਆਜ਼ਾਦੀ ਦੀਆਂ ਤਿਆਰੀਆਂ ਹੋ ਰਹੀਆਂ ਸਨ ਤਾਂ ਪੱਛਮੀ ਪੰਜਾਬ ਅਤੇ ਪੂਰਬੀ ਬੰਗਾਲ ਵਿਚ ਫ਼ਿਰਕੂ ਫ਼ਸਾਦ ਸ਼ੁਰੂ ਹੋ ਗਏ। ਲੋਕ ਇਕ-ਦੂਜੇ ਦੇ ਲਹੂ ਦੇ ਪਿਆਸੇ ਹੋ ਗਏ। ਇਕ ਦੂਜੇ ਨੂੰ ਕਤਲ ਕਰਨ, ਅੱਗਾਂ ਲਗਾਣ, ਅਗਵਾ ਕਰਨ ਅਤੇ ਔਰਤਾਂ ਨੂੰ ਜਬਰਨ ਬੇਪਤ ਕਰਨ ਦੀਆਂ ਵਾਰਦਾਤਾਂ ਜੰਗਲ ਦੀ ਅੱਗ ਵਾਂਗ ਸਾਰੇ ਪੰਜਾਬ ਵਿਚ ਫ਼ੈਲ ਗਈਆਂ। ਮੰਦਿਰ ਅਤੇ ਗੁਰਦੁਆਰੇ ਢਾਹੇ ਜਾਣ ਲਗ ਪਏ। ਕਾਫ਼ਲਿਆਂ ਦੇ ਕਾਫ਼ਲੇ, ਵਹਿਸ਼ੀ ਦਰਿੰਦਿਆਂ ਦੀਆਂ ਤਲਵਾਰਾਂ, ਛਵ੍ਹੀਆਂ, ਟੋਕੇ ਅਤੇ ਗੰਡਾਸਿਆਂ ਦੇ ਸ਼ਿਕਾਰ ਹੋ ਗਏ। ਖੂਹਾਂ ਅਤੇ ਦਰਿਆਵਾਂ ਦੇ ਪਾਣੀਆਂ ਵਿਚ ਜ਼ਹਿਰ ਘੋਲ ਦਿੱਤਾ ਗਿਆ। ਮਾਂਵਾਂ ਦੇ ਸਾਮ੍ਹਣੇ ਉਨ੍ਹਾਂ ਦੇ ਪੁੱਤ ਅਤੇ ਪੁੱਤਰਾਂ ਦੇ ਸਾਮ੍ਹਣੇ ਉਨ੍ਹਾਂ ਦੇ ਮਾਪਿਆਂ ਨੂੰ ਕੋਹ ਕੋਹ ਕੇ ਮਾਰ ਦਿੱਤਾ ਗਿਆ। ਇਹੋ ਜਹੇ ਹਾਲਾਤ ਵਿਚ ਵੰਡੇ ਜਾ ਰਹੇ ਦੇਸ਼ ਦੇ ਸ਼ਰਨਾਰਥੀਆਂ ਨੂੰ ਗੁਰਦੁਆਰਿਆਂ ਨੇ ਸ਼ਰਨ ਦਿੱਤੀ। ਮੁਸਲਿਮ ਲੀਗੀਆਂ ਦੇ ਹਮਲਿਆਂ ਦਾ ਡੱਟ ਕੇ ਮੁਕਾਬਲਾ ਕਰਨ ਅਤੇ ਇੱਜ਼ਤ ਨਾਲ ਲੜ ਮਰਨ ਦੀ ਪ੍ਰੇਰਨਾ ਦਿੱਤੀ। ਇਹੋ ਜਹੀਆਂ ਅਨੇਕ ਘਟਨਾਵਾਂ ਦਾ ਜ਼ਿਕਰ ਭੀਸ਼ਮ ਸਾਹਨੀ ਨੇ ਆਪਣੀ ਰਚਨਾ **ਤਮਸ** ਅਤੇ ਸਮਸ਼ੇਰ ਸਿੰਘ ਅਸ਼ੋਕ ਨੇ **ਮੁਸਲਿਮ ਲੀਗੀਆਂ ਦੇ ਅਤਿਆਚਾਰ** ਵਿਚ ਕੀਤਾ ਹੈ। ਇਹ ਸੁਤੰਤਰਤਾ ਸੰਗਰਾਮ ਦੇ ਦੁਖਾਂਤ ਦਾ ਆਖ਼ਰੀ ਪੰਨਾ ਸੀ। ਖੁਸ਼ਵੰਤ ਸਿੰਘ ਦੇ ਸ਼ਬਦਾਂ ਵਿਚ ਦੁਨੀਆਂ ਦੇ ਇਤਿਹਾਸ ਵਿਚ ਇਸਤੋਂ ਵੱਡੀ ਖ਼ੂਨ ਖਰਾਬੇ ਅਤੇ ਆਬਾਦੀ ਦੇ ਤਬਾਦਲੇ ਦੀ ਘਟਨਾ ਅਜ ਤਕ ਨਹੀਂ ਸੀ ਵਾਪਰੀ।

ਆਖਰ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ। ਆਜ਼ਾਦੀ ਦੀ ਇਸ ਲੜਾਈ ਵਿਚ ਸਿੱਖ ਗੁਰਦੁਆਰਿਆਂ ਨੇ ਜੋ ਯੋਗਦਾਨ ਪਾਇਆ ਉਹ ਧਰਮ ਤੇ ਅਜ਼ਾਦੀ ਦੇ ਇਤਿਹਾਸ ਦਾ ਬੇਹਦ ਪ੍ਰਸ਼ੰਸਾਯੋਗ ਤੇ ਗੈਰਤਮੰਦ ਅਧਿਆਇ ਹੈ।


❖ ❖ ❖ ❖

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਪਤਿਤ ਪਵਿੱਤ੍ਰ

(ਕੰਮੀ ਬਾਬਤ ਵਿਚਾਰ)

5.




ਸਾਧੂ- ਸੰਤ ਜੀ, ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ :-

**ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ।**

(ਭਾ. ਗੁ. ਵਾਰ ੧-੨੨)

ਜਦੋਂ ਦੇਸ਼ ਵਿਚ ਇਹ ਹਾਲ ਵਰਤ ਰਿਹਾ ਸੀ ਤਦੋਂ ਫੇਰ ਸਾਧੂਆਂ ਦੇ ਸਰਦਾਰ ਨੇ ਬੈਕੁੰਠਾਂ ਤੋਂ ਆਕੇ ਥੰਮ੍ਹ ਲਿਆ, ਹੁਣ ਭੀ ਜੇ ਸਿੱਖੀ ਕਾਇਮ ਰਖਣੀ ਹੈ ਤਾਂ ਸੱਚੇ ਸੰਤਾਂ ਦੇ ਪਰਚਾਰ ਨੇ ਰੱਖਣੀ ਹੈ। ਅਸੀਂ ਸੁਭਾਗ ਹਾਂ ਕਿ ਆਪ ਜੀ ਦੇ ਦਰਸ਼ਨ ਹੋਏ ਤੇ ਦਿਲ ਨੇ ਮੰਨਿਆ ਕਿ ਆਪ ਸਾਧ ਹੋ, ਸੰਤ ਹੋ, ਗੁਰਮੁਖ ਹੋ, ਜਿਨ੍ਹਾਂ ਦੇ ਲੱਛਣ ਤੇ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਹੈ। ਸ਼ੁਕਰ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦਾ!

ਸੰਤ ਬਿਮਲਾ ਸਿੰਘ ਜੀ- ਆਪ ਵੀ ਸਾਧੂ ਹੋ, ਤਜਾਗ ਵੈਰਾਗ ਦੇ ਗਜਾਤਾ ਹੋ, ਮਾਇਆ ਛਲ ਨਾਗਨ ਹੈ ਇਸਦੇ ਛਲਾਂ ਦੇ ਜਾਣੂ ਹੋ, ਕਾਸ ਨੂੰ ਮੈਨੂੰ ਛਲ ਨਾਗਨ ਦੀ ਕਮੰਦ ਦੇ ਨੇੜੇ ਲੈ ਜਾਂਦੇ ਹੋ ਇਸ ਸਰੀਰ ਦੀ ਸ਼ੋਭਾ ਕਰਕੇ। ਇਹ ਤਾਂ ਮਾਇਆ ਦੀ ਪੋਟ ਹੈ "ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥" ਚੰਗਾ ਹੈ ਵਾਹਿਗੁਰੂ ਜੀ ਦਾ ਨਾਮ, ਚੰਗਾ ਹੈ ਦਸਾਂ ਸਤਿਗੁਰਾਂ ਦਾ ਜਗਤ ਆਗਮਨ, ਚੰਗੀ ਹੈ ਗੁਰਮਤ, ਗੁਰਬਾਣੀ ਤੇ ਸਾਧ ਸੰਗਤ, ਹਾਂ ਚੰਗੇ ਹਨ ਗੁਰਧਾਮ। ਇਹ ਸਰੀਰ ਭੁੱਲਣਹਾਰ ਹੈ ਤੇ ਇਸਨੇ ਪੜ੍ਹ ਗੁੜ੍ਹ ਕੇ ਅੰਤ ਸਤਿਗੁਰ ਦੀ ਸ਼ਰਨ ਤਕਾਈ ਹੈ ਜੋ ਭੁੱਲ ਦੇ ਦੇਸੋ ਨਿਕਲਕੇ ਯਾਦ ਦੇ ਮੰਡਲ ਵਿਚ ਵਾਸਾ ਮਿਲੇ।

ਸਾਧੂ- ਨਿੰਮ੍ਰਤਾ ਸਾਧੂ ਦਾ ਭੂਸ਼ਣ ਹੈ, ਗਉਰੇ ਸੰਤ ਨਿੰਮ੍ਰਤਾ ਕਰਦੇ ਹਨ, ਨਿੰਮ੍ਰਤਾ ਕਰਨ ਨਾਲ ਸੰਤ ਗਉਰੇ ਹੁੰਦੇ ਹਨ, ਮੈਂ ਆਪ ਦੇ ਗੁਣਾਂ ਦਾ ਯਸ਼ ਕੀਤਾ ਹੈ ਤੇ ਯਥਾਰਥ ਯਸ਼ ਕੀਤਾ ਹੈ ਬਾਕੀ ਮਿਹਰ ਹੈ ਸਤਿਗੁਰ ਦੀ, ਆਪ ਤੇ ਹੋ ਗਈ ਹੈ ਜਗਤ ਨੂੰ ਤਾਰਨ ਵਾਸਤੇ, ਸਾਡੇ ਧੰਨ ਭਾਗ, ਧੰਨ ਗੁਰੂ ਨਾਨਕ ਦੇਵ, ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ।

ਸੰਤਾਂ ਦੇ ਨੈਣ ਭਰ ਆਏ 'ਧੰਨ ਗੁਰੂ' 'ਧੰਨ ਗੁਰੂ' ਕਰਦੇ ਨੈਣ ਮੁੰਦ ਲਏ।

ਸਾਧੂ (ਕੁਛ ਚਿਰ ਠਹਿਰਕੇ)- ਅਜ ਇਹ ਸੰਗਤ ਆਪ ਨੂੰ ਇਕ ਮਾੜਾ ਜੇਹਾ ਖੇਚਲਾ ਦੇਣ ਆਈ ਹੈ। ਜਲ ਵਿਚ ਅਗਨ ਉਪਜ ਪਈ ਹੈ। ਸੀ ਤਾਂ ਸ਼ਾਂਤੀ ਦਾ ਕੰਮ, ਆਪ ਦੇ ਉਪਦੇਸ਼ ਨਾਲ ਬਹੁਤ ਸਰੀਰ ਅੰਮ੍ਰਿਤ ਲਈ ਤਿਆਰ ਹੋਏ ਸਨ, ਪਰ ਵਿਚ ਕੁਛ ਵਿਖਾਂਧ ਉਪਜ ਪਈ ਹੈ।

ਸੰਤ- ਇਹ ਸਰੀਰ ਭੁੱਲਣਹਾਰ ਹੈ, ਕੋਈ ਭੁੱਲ ਹੋ ਗਈ ਹੈ ਇਸ ਤੋਂ, ਤਾਂ ਹੀ ਵਿਖਾਂਧ ਉਪਜੀ ਹੈ, ਨਹੀਂ ਤਾਂ ਨਿਰੋਲ ਸਤਿਸੰਗ ਵਿਚ ਵਿਖਾਂਧ ਕਾਸ ਨੂੰ ਉਪਜਦੀ। ਉਹ ਦੱਸ ਦਿਓ ਤਾਂ ਸੋਧ ਕਰ ਲਵੀਏ।

ਸਾਰੇ- ਵਾਹਿਗੁਰੂ, ਵਾਹਿਗੁਰੂ ਭੁੱਲ ਤਾਂ ਸਾਡੀ ਹੈ। ਹੇ ਸੰਤ ਜੀਓ! ਆਪ ਦੀ ਰਸਨਾ ਤੋਂ ਤਾਂ ਗੁਰਬਾਣੀ ਦੇ ਬਿਮਲ ਰੰਗਾਂ ਦੇ ਤ੍ਰੰਗ ਉਮਾਹੇ ਹਨ। ਇਹ ਤਾਂ ਸਾਡੇ ਲੋਕਾਂ ਦੇ ਅੰਦਰ ਦੇ ਭਾਵ ਇਸ ਰੂਪ ਵਿਚ ਆਏ ਹਨ। ਗਲ ਇਹ ਹੈ ਕਿ ਸੰਗਤ ਅੰਮ੍ਰਿਤ ਛਕਣ ਲਈ ਤਿਆਰ ਹੋਈ ਹੈ, ਵਿਚ ਹੈਨ ਅੱਡ ਅੱਡ ਜਾਤਾਂ ਦੇ ਪ੍ਰੇਮੀ ਤੇ ਕੁਛ ਹੁਣ ਤਿਆਰ ਹੋਏ ਹਨ ਜਾਤਾਂ ਤੋਂ ਬਾਹਰ ਦੇ ਲੋਕੀਂ ਜਿਨ੍ਹਾਂ ਨੂੰ ਛੂਤ ਵਾਲਾ ਕਹਿੰਦੇ ਹਨ ਪਈ ਇਨ੍ਹਾਂ ਨਾਲ ਛੁਹਣਾ ਨਹੀਂ। ਮਤਾ ਇਹ ਹੈ ਕਿ ਅੰਮ੍ਰਿਤ ਇਨ੍ਹਾਂ ਨੂੰ ਆਪ ਨਾ ਛਕਾਓ।

ਸੰਤ ਸੁਣਕੇ ਮੁਸਕ੍ਰਾ ਪਏ ਤੇ ਆਖਣ ਲੱਗੇ :- ਗੁਰੂ ਬਾਬੇ ਦਾ ਵਾਕ ਹੈ :-

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**

(ਬਿਹਾਗੜਾ ਮ: ੫, ਅੰਗ ੫੪੪)

ਭਾਈ ਜੋ ਸਤਿਗੁਰ ਦੇ ਦਰ ਸ਼ਰਨ ਲੈਣ ਆਵੇ ਉਸਨੂੰ ਸਤਿਗੁਰ ਜੀ ਨੇ ਨਿਵਾਜਣਾ ਹੈ। ਹਾਂ ਪਖੰਡੀਆਂ ਨੂੰ ਥਾਂ ਨਹੀਂ ਏਥੇ।

ਸਾਧੂ- ਲਓ ਸੰਤਾਂ ਦਾ ਹੁਕਮ ਹੋ ਗਿਆ ਹੈ, ਹੁਣ ਸਿਰ ਝੁਕਾ ਦਿਓ।

ਸੰਤ- ਨਹੀਂ ਭਾਈ, ਜੇ ਕੋਈ ਵੀਚਾਰ ਕਰਨੀ ਹੈ ਤਾਂ ਕਰ ਲਈਏ। ਮਨ ਮੰਨੇ ਤਾਂ ਹੀ ਮੰਨਣਾ ਠੀਕ ਹੁੰਦਾ ਹੈ।

ਸੀਤਾ ਰਾਮ- ਕੇਹੀ ਸੁਹਣੀ ਗਲ ਆਖੀ ਨੇ! ਧੰਨ ਹੋ ਆਪ। ਸੰਤ ਜੀ! ਮੇਰਾ ਮਤਾ ਇਹ ਹੈ ਕਿ ਆਦਿ ਪਾਤਸ਼ਾਹੀ ਤੋਂ ਹਿੰਦੂ ਹੀ ਸਿੱਖ ਹੋਏ ਹਨ, ਮੁਸਲਮਾਨ ਕਿ ਹੋਰ ਕੋਈ ਜਾਂ ਅਛੂਤ ਲੋਕ ਸਿੱਖੀ ਸਿਦਕ ਵਿਚ ਸਤਿਗੁਰਾਂ ਨੇ ਸ਼ਾਮਲ ਨਹੀਂ ਕੀਤੇ, ਇਹ ਠੀਕ ਹੈ ਕਿ ਨਾ?

ਸੰਤ- ਭਾਈ ਸੀਤਾ ਰਾਮ ਜੀ! ਤੁਸੀਂ ਸਹਿਜਧਾਰੀ ਸਿੱਖ ਹੋ, ਸ਼ਰਧਾਵਾਨ ਹੋ; ਵੀਚਾਰ ਕਰਨੀ ਜੇ ਕਿ ਬਹਿਸ?

ਸੀਤਾ ਰਾਮ- ਜੀ ਮਨ ਦਾ ਸੰਸਾ ਦੂਰ ਕਰਨਾ ਹੈ, ਬਹਿਸ ਨਹੀਂ ਕਰਨੀ ਤੇ ਆਪਦੀ ਆਗਜਾ ਮੰਨਣੀ ਹੈ।

ਸੰਤ ਜੀ- ਆਗਜਾ ਸਤਿਗੁਰ ਜੀ ਦੀ ਇਹ ਹੁੰਦੀ ਆਈ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਦਾ ਸਾਥੀ ਸੇਵਕ ਤੇ ਸਿੱਖ ਭਾਈ ਮਰਦਾਨਾ ਮਰਾਸੀ ਜਾਤ ਦਾ ਤੇ ਧਰਮ ਦਾ ਮੁਸਲਮਾਨ ਸੀ। ਇਸ ਗੱਲ ਦੀ ਉਗਾਹੀ ਸ੍ਰੀਮਾਨ ਭਾਈ ਗੁਰਦਾਸ ਜੀ ਭਰਦੇ ਹਨ, 'ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।'

(ਭਾ. ਗੁ. ਵਾਰ ੧੧-੧੩)

**(ਚਲਦਾ)**

# Baba Kharak Singh and India's Struggle for Freedom

❖ Dr. Mohinder Singh

Baba Kharak Singh, who entered the arena of the country's struggle for freedom through the Central Sikh League and the Akali Movement was the only Sikh leader of stature who started as a nationalist and died as a nationalist. The attempts of British officials to alienate him from the mainstream of the national movement failed as also the effort of the Muslim League to allure him to its side. A man of iron will and strong determination the Baba had the reputation for remaining steadfast once he had taken a stand on a particular issue. Baba spent over five years in the cold climate of Dera Ghazi Khan jail, without any clothes except his kachha (drawer) because the jail authorities had imposed a ban on the wearing of black turban and Gandhi cap. The Baba refused to accept concession on turban till ban on Gandhi cap was also withdrawn. To some of his friends, this appeared to be a trivial matter. They advised him to start wearing his clothes since the jail authorities had yielded to his demand for wearing the black turban. But to Baba Kharak Singh this appeared to be a clever bureaucratic snare to divide the Sikh and Hindu prisoners. Therefore, he continued to suffer in the cold climate of Dera Ghazi Khan jail for over five years till his unconditional release in 1927. This consistent stand of Babaji greatly endeared him to the nationalist forces in the country.

It was the foresight and steadfastness of Baba Kharak Singh which was greatly responsible for widening the scope of the initial Akali struggle for Gurdwara reform and in involving the Sikh masses in the larger struggle for India's independence. And again it was Baba Kharak Singh and his lieutenants in the Central Sikh League and Akali Dal, who were responsible for bringing about a close cooperation between the Sikh masses and the Congress leadership in Panjab. It was mainly due to the nationalist leadership provided by Baba Kharak Singh that the Sikhs in Panjab could secure active sympathy and support of the Indian National Congress during their two-fold struggle directed against the corrupt custodians of the Sikh shrines on the one hand and the British administration in the province on the



other. Congress-Sikh cooperation during the early twenties of the twentieth century resulted in the two leaderships coming closer to each other and the Sikhs being involved in the Congress programme. In fact the two groups among the Sikhs - (i) Akali advocates of purely religious reform and (ii) nationalist Sikhs, who looked upon the Gurdwara reform as the regional manifestation of the larger Congress movement of non-violent, non-cooperation remained united as long as Baba Kharak Singh was at the helm of affairs. The Gurdwara reform movement being over, most of the important leaders busied themselves in controlling the Gurdwaras and their funds. Baba Kharak Singh found communal and regional politics to be too narrow to satisfy his nationalist aspiration. Instead of fighting either for a position in the Akali Dal or even the state Assembly, therefore, he threw himself heart and soul into the struggle for liberation of his motherland. Nothing would give Baba Kharak Singh greater pleasure than to see his country freed from the foreign yoke. After the announcement of the Communal Award and with the growing communal feeling created by the British policy of communal representation Baba Kharak Singh was the only leader amongst the Sikhs who continued his battle against the Muslim League demand for Pakistan. After the introduction of provincial autonomy as a

result of the 1935 Act while others gained political power at the provincial level within the framework of British empire, Baba Kharak Singh refused to accept such an arrangement which did not satisfy the real aspiration of the people.

When the Second World War broke out there were differences of opinion among the Sikh leadership whether or not to support the British war efforts. Keeping in line with his anti-imperialist thinking, Kharak Singh openly announced his opposition to India's participation in the war efforts of the allies. And this was the stand which Jawaharlal Nehru and other Congress leaders also took in the beginning of the war. While the Maharaja of Patiala and other moderate leaders joined the British war efforts and later even Master Tara Singh parted company with the Indian National Congress by resigning from the Congress Working Committee to help Sikhs' recruitment into the army. However, Baba Kharak Singh stuck to his original stand of opposition to the war efforts of Britain and the allies. Addressing a huge gathering of the Sikhs he said: "His Majesty the King Emperor had appealed to his subjects to lend their whole-hearted support to the British Government and its allies in the war against Hitler. While I do not want Hitler or any other foreigner to conquer India yet I do not want to help the British who have so callously trampled our people under their iron heels. Why should we help the Britishers who killed hundreds of our innocent people in the Jallianwala Bagh? Why should we help those who put hundreds of thousands of our compatriots in prison? Let them fight their own battle and let not the Indian soldiers spill their blood for those who have so ungratefully ignored our services in the previous war. This will teach a lesson to the arrogant Britishers who do not care for the suffering millions of Indians who are starving. I have no sympathy with the British for they never had any for us. So, why should we bother about their lot? We have our own problems to solve and instead of draining our resources for the victory of the British and their allies, let us converge our efforts for bettering the lot of our own people. Now is the right time to strike."

When the Second World War was on the British tried to enlist support of the Congress and the Akali leadership by promising various concessions to the Indians in case the British won the war. It was with this aim in view that Cripps Mission visited India in March, 1942. Muslim League declared its open support to the British war efforts while the Congress gave a call for boycott and even the Congress ministries in various provinces resigned in protest against the Viceroy declaring India a belligerent country without consulting any of the Indian leaders. The Cripps Mission tried to placate the Muslim League. According to the proposals put forward by the Mission, provinces were given the right to get out of the Indian Union and non-acceding provinces could even draft a separate constitution of their own with a status equal to that of the Indian Union. This was a clear indication towards the creation of Pakistan. Such an arrangement was not acceptable to the Indian National Congress, which stood for a united India. Baba Kharak Singh, who was strongly opposed to the idea of Pakistan and even the vague offers of a Sikh state to hoodwink the Sikh leadership, strongly criticized the Cripps proposals which encouraged vivisection of India. Other prominent Sikh leaders like Master Tara Singh, Giani Kartar Singh and Giani Sher Singh also supported Baba Kharak Singh's stand.

Baba Kharak Singh organized a strong agitation to oppose the partition of India and meetings and conferences were held throughout the Panjab for this purpose. Towards the end of 1944, a huge conference was proposed to be held at Gujranwala over which Baba Kharak Singh was to preside. The authorities banned the Conference. Babaji defied the law and went to the venue of the conference and was consequently arrested. After a few weeks he was released as the government feared a great agitation in the Panjab over his arrest.

After the failure of the Shimla Conference in 1945 when Lord Wavell, the Viceroy of India, suddenly announced general elections in India to elicit people's verdict about the future of India Baba Kharak Singh played a significant role by lending his support to the Indian National Congress and by appealing the Sikhs to vote for their national and secular political organization. The Baba visited various villages and towns in Panjab and the N.W.F.P and exhorted his co-religionists to strengthen Congress to save India from balkanisation. As a result of Baba Kharak Singh and his lieutenants' efforts Congress got splendid victory in Panjab with many of the Sikh candidates having been elected on the Congress ticket.

❖ ❖ ❖ ❖

# ਪੁਸਤਕ-ਪੜਚੋਲ


ਆਰਸੀ ਪਬਲਿਸ਼ਰਜ਼ ਵੱਲੋਂ ਪ੍ਰਕਾਸ਼ਿਤ ਕਾਰਿਆ ਪ੍ਰਭਜੋਤ ਕੌਰ ਦਾ ਕਾਵਿ ਸੰਗ੍ਰਹਿ **ਮੈਂ ਤੇ ਸਮੁੰਦਰ** ਮਨ ਦੀਆਂ ਚੇਤਨ-ਅਚੇਤਨ ਤੈਹਾਂ ਤੋਂ ਹੋਂਦ ਗ੍ਰਹਿਣ ਕਰਦਾ ਅਜਿਹਾ ਕਾਵਿ ਮੰਡਲ ਹੈ ਜਿਸ ਵਿਚ ਖਾਬ, ਅਹਿਸਾਸ, ਵਿਸ਼ਵਾਸ਼, ਉਮੀਦ ਤਕਰੀਬਨ ਉਸਦੀ ਹਰ ਕਵਿਤਾ ’ਚ ਸਮੋਏ ਹੋਏ ਹਨ। ਮਨ ਦੀਆਂ ਤੈਹਾਂ ’ਚੋਂ ਉਸਦੀ ਕਾਵਿ-ਯਾਤਰਾ ਮੈਂ ਤੋਂ ਤੂੰ ਵਲ ਹੈ। ਤੂੰ ਦਾ ਅਹਿਸਾਸ ਕਦੇ ਉਸਨੂੰ ਤਰ-ਬਤਰ ਕਰ ਦਿੰਦਾ ਹੈ ਤੇ ਕਦੇ ਤੂੰ ਨਾਲ ਉਹ ਦਸਤਪੰਜਾ ਲੈਂਦੀ ਵੀ ਵਿਖਾਈ ਦਿੰਦੀ ਹੈ। ਉਦਾਹਰਨ ਵਜੋਂ:

ਮਿੱਟੀ ਸਾਂ ਮੈਂ
ਬੁੱਤ ਹੋ ਖਲੋਤੀ।
ਤੂੰ ਤੱਕਿਆ
ਮੈਂ ਸੁਣਿਆ
ਤੇ ਬਰਸਾਤ ਹੋਈ। (ਮਿੱਟੀ ਸਾਂ ਮੈਂ)
......
ਭਟਕਣ ’ਚ ਮੇਰਾ ਹੁਣ
ਰੱਬ ਵੱਸਦਾ
ਕੰਡੇ ਪੱਥਰ ਹੋ
ਮੇਰਾ ਰਿੱਸੇ ਲਹੂ
ਪਿਆਸ ਮੇਰੀ ਰੁਬਾਈ ਵੇ।
ਤੂੰ ਕੀ ਜਾਣੇ
ਤੈਨੂੰ ਕੀ ਦੱਸਾਂ
ਰਾਹ ਪਿਆਰ ਦਾ
ਕੀ ਕੁਝ ਮੰਗਦਾ ਵੇ? (ਦਿਲ ਦੀਆਂ ਕੰਧਾਂ)

ਕਵਿਤ੍ਰੀ ਦੀ ਭਟਕਣਾ ’ਚ ਆਸ-ਅਹਿਸਾਸ ਦਾ ਹੋਣਾ ਇਸ ਕਾਵਿ-ਸੰਗ੍ਰਹਿ ਦੀ ਵੱਡੀ ਪ੍ਰਾਪਤੀ ਹੈ। ਉਸ ਕੋਲ ਤੂੰ ਨਹੀਂ, ਤੂੰ ਦੇ ਅਹਿਸਾਸ ਹਨ। ਅਹਿਸਾਸ ਹੀ ਨੇ ਜਿਹੜੇ ਸ਼ਬਦਾਂ ’ਚ ਢਲ ਗਏ ਨੇ। ਵੱਖੋ-ਵੱਖ ਕਾਵਿ ਸਿਰਜਨਾਵਾਂ ’ਚ ਇਹਨਾਂ ਦਾ ਸੁੰਦਰ ਨਿਰੂਪਣ ਹੋਇਆ ਹੈ।

ਇਸ ਕਾਵਿ-ਯਾਤਰਾ ’ਚ ਕਿਤੇ-ਕਿਤੇ ਪਾਰਗਮਤਾ ਦੇ ਦੀਦਾਰ ਵੀ ਸਾਨੂੰ ਹੁੰਦੇ ਹਨ। ਜ਼ਿੰਦਗੀ ਦੀ ਨਾਸ਼ਮਾਨਤਾ ’ਚੋਂ ਇਸ਼ਕ-ਹਕੀਕੀ ਦਾ ਸਫ਼ਰ ਬੰਦਗੀ ਦੀ ਬਾਤ ਪਾਉਂਦਾ ਹੈ:

ਇਹ ਮੂਰਤ
ਕੁਝ ਵੀ ਨਾ
ਨਾਲ ਜਾਣੀ
ਇਕ ਬੰਦਗੀ




ਮੁੱਲ-325 ਰੁਪਏ, ਪੰਨੇ-158

ਰਾਹ ਹਕੀਕੀ ਦੀ
ਹੈ ਕੰਡਿਆਲੀ,
ਪਰ ਮੈਂ ਪਾਰ
ਹੈ ਕਰ ਜਾਣੀ। (ਵਾਟ ਅਧੂਰੀ)

ਕਾਵਿ ਸੰਸਾਰ ’ਚ ਕਾਵਿ-ਮੈਂ ਅਤ੍ਰਿਪਤ ਹੈ ਪਰ ਖਵਾਬ, ਸੁਪਨੇ, ਉਮੀਦ ਤੋਂ ਸੱਖਣੀ ਨਹੀਂ:

ਹੈ ਸਭ ਪਾਸ ਮੇਰੇ
ਪਰ ਰੂਹ ਹੁੰਗਾਰਾ
ਨਾ ਭਰਦੀ। (ਜ਼ਿੰਦਗੀ)

ਪਰ ਰੂਹ ਪੂਰੀ ਤਰ੍ਹਾਂ ਆਸਵੰਤ ਹੈ:

ਤੂੰ ਮਿਲਿਆ
ਮੈਨੂੰ...
ਅਣਜਾਣ ਹੋ
ਪਰ ਮੈਂ ਮਿਲਾਂਗੀ
ਤੈਨੂੰ ਹਰ ਰੰਗ
ਤੇਰੀ ਯਾਦ ਹੋ। (ਤੂੰ ਮਿਲਿਆ)

ਹਰ ਰੰਗ ’ਚ ਸੁੰਦਰ ਜਹਾਨ ਸਿਰਜਨ ਦਾ ਤਸੱਵਰ ਵੀ ਹੈ, ਤੇ ਜ਼ਿੰਦਗੀ ਮੁੜ ਜੀਉਣ ਦਾ ਵੀ। ਭਾਵੇਂ ਕਿ ਇਹ ਕਾਵਿ ਸੰਗ੍ਰਹਿ ਮੈਂ-ਤੂੰ ਦੇ ਦਾਇਰੇ ’ਚ ਮੈਂ ਦੇ ਅਹਿਸਾਸਾਂ ਦਾ ਖੂਬਸੂਰਤ ਚਿਤ੍ਰਣ ਹੈ ਪਰ ਇਸ ਵਿੱਚੋਂ ਦੋਸਤੀ, ਪਰਮਾਰਥ, ਧਰਮ, ਇਸ਼ਕ, ਸੋਹਣਾ ਸਮਾਜ ਆਦਿ ਸੰਕਲਪ ਵੀ ਮੂਰਤੀਮਾਨ ਹੋਏ ਹਨ :

ਮੇਰੇ ਦੁਆਲੇ ਮਹੌਲ
ਕੁਝ ਨਿੱਘਾ ਤੇ ਸੰਘਣਾ
ਕੁਝ ਦੋਸਤ ਕੁਝ ਦੁਸ਼ਮਨ
ਕੁਝ ਦੋਸਤਾਂ ਜਿਹੇ ਦੁਸ਼ਮਨ
ਜੋ ਬੀਜਣੋਂ ਥੱਕਦੇ ਨਹੀਂ
ਮੈਂ ਲਾਉਣੋਂ ਅੱਕਦੀ ਨਹੀਂ
ਉਹ ਨਫ਼ਰਤ ਦੀ ਖੇਤੀ
ਮੈਂ ਖੇਤੀ ਨੂੰ ਪਾਣੀ
ਏਕੇ ਦੀ ਫਸਲ
ਉਗਾਉਣ ਖਾਤਰ।
ਚਿਰ ਲੱਗੇਗਾ
“ਕੋਸ਼ਿਸ਼”
ਮੈਂ ਜਾਰੀ ਰੱਖਾਂਗੀ
ਸਮਾਜ ਵਿਚ ਬਹਾਰ
ਲਿਆਉਣ ਖਾਤਰ। (ਕੋਸ਼ਿਸ਼)

ਕੁਦਰਤੀ ਨੇਮਾਂ ਨਾਲ ਬੱਝ ਕੇ ਤੁਰਨ ਵਾਲੀ ਔਰਤ, ਸਮਾਜ ਦੇ ਮੌਜੂਦਾ ਢਾਂਚੇ ’ਚ ਭਾਵੇਂ ਉਸਨੂੰ ਇਕ ਮਜਬੂਰੀ ਦਾ ਜੀਵਨ ਵੀ ਜੀਉਣਾ ਪੈਂਦਾ ਹੈ ਪਰ ਅਹਿਸਾਸਾਂ ਤੇ ਉਮੀਦਾਂ ਨੇ ਉਸਦੀ ਜੀਵਨ-ਲੋਅ ਨੂੰ ਕਾਇਮ ਰੱਖਿਆ ਹੈ। ਪ੍ਰਸਤੁਤ ਕਾਵਿ-ਪ੍ਰਬੰਧ ’ਚ ਇਹ ਅਹਿਸਾਸ ‘ਤੂੰ’ ਨਾਲ ਜੁੜੇ ਹੋਏ ਹਨ ਤੇ ਤੂੰ ਦੀ ਹਸਤੀ ਵੀ ਅਜਿਹੀ ਹੈ ਜਿਸਦੀ ਛੋਹ ਦਾ ਅਹਿਸਾਸ ਤੇ ਉਸਦਾ ਸੁਪਨਾ ਜਾਂ ਖੁਆਬ ਕਵਿਤ੍ਰੀ ਨੂੰ ਇਕ ਰੱਜਵਾਂ ਅਹਿਸਾਸ ਦੇ ਜਾਂਦਾ ਹੈ, ਕਵਿਤ੍ਰੀ ਉਸ ਨਾਲ ਆਪਣੀਆਂ ਆਸਾਂ-ਉਮੀਦਾਂ ਦਾ ਸੰਚਾਰ ਵੀ ਕਰਦੀ ਹੈ ਤੇ ਇਕ-ਪਾਸੜ ਵਾਰਤਾਲਾਪ ਵੀ। ਕੁਲ ਮਿਲਾ ਕੇ **ਮੈਂ ਤੇ ਸਮੁੰਦਰ** ਦੀਆਂ ਭਾਵ-ਅਹਿਸਾਸ ਦਾ ਨਿਰੂਪਣ ਕਰਦੀਆਂ ਸਮੁੱਚੀਆਂ ਕਵਿਤਾਵਾਂ ਕਾਵਿ-ਸ਼ੈਲੀ, ਸਰਵਰਕ, ਕਾਗਜ਼, ਸੈਟਿੰਗ ਆਦਿ ਪੱਖੋਂ ਮਿਆਰਤਾ ਦੀ ਧਾਰਨੀ ਹਨ, ਭਾਵੇਂ ਕਿਤੇ-ਕਿਤੇ ਸ਼ਬਦ-ਜੋੜ ਧਿਆਨ ਦੀ ਮੰਗ ਕਰਦੇ ਹਨ। ਅਜਿਹੀ ਸੁੰਦਰ ਕਾਵਿ-ਸਿਰਜਨਾ ਦਾ ਪੰਜਾਬੀ ਕਾਵਿ-ਜਗਤ ’ਚ ਨਿੱਘਾ ਸੁਆਗਤ ਹੈ ਤੇ ਅਸੀਂ ਉਮੀਦ ਕਰਦੇ ਹਾਂ ਕਿ ਕਾਰਿਆ ਦੀ ਇਹ ਕਾਵਿ-ਯਾਤਰਾ ਅਗਾਂਹ ਵੀ ਇਸੇ ਤਰ੍ਹਾਂ ਜਾਰੀ ਰਹੇਗੀ ਤਾਂ ਜੋ ਪਦਾਰਥਕ ਤਲ ਤੇ ਜੜਵਤ ਹੋ ਕੇ ਜੀਓ ਰਹੇ ਇਸ ਵਸਤੂ-ਸੰਸਾਰ ’ਚ ਭਾਵਾਂ ਦੀ ਬਾਰਿਸ਼ ਨਿਰੰਤਰ ਹੁੰਦੀ ਰਹੇ।

– **ਮਨਿੰਦਰ ਸਿੰਘ ਸੋਨੀ**, 9891591206

❖ ❖ ❖ ❖

## ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

ਹਫ਼ਤਾਵਾਰ ਪੰਜਾਬੀ ਪਰਚਾ

18 ਅਗਸਤ, 1921

# ਨਨਕਾਣਾ ਸਾਹਿਬ

ਹੇਠ ਲਿਖੀਆਂ ਗੱਲਾਂ ਵਲ ਪ੍ਰੇਮੀਆਂ ਦਾ ਖਾਸ ਧਿਆਨ ਦਿਵਾਇਆ ਜਾਂਦਾ ਹੈ, ਆਸ ਹੈ ਕਿ ਸਭ ਸਿੰਘ ਸਭਾਵਾਂ, ਦੀਵਾਨ, ਗੁਰਦਵਾਰਾ ਕਮੇਟੀਆਂ ਤੇ ਪੰਥ ਦਰਦੀ ਆਪਣੀਆਂ ਵਡਮੁੱਲੀਆਂ ਰਾਵਾਂ ਘੱਲ ਕੇ ਕ੍ਰਿਤਾਰਥ ਕਰਨਗੇ।

(੧) ਗੁਰਦਵਾਰਾ ਸ੍ਰੀ ਜਨਮ ਅਸਥਾਨ ਵਿਚ ਸੰਗਮਰਮਰ ਦੇ ਫਰਸ਼ ਦੀ ਸੇਵਾ ਆਰੰਭ ਹੋਣ ਵਾਲੀ ਹੈ, ਸਾਰੇ ਥੜੇ ਦੇ ਉਪਰ ਸੰਗਮਰਮਰ ਲਗਵਾਇਆ ਜਾਵੇਗਾ, ਜਿਸ ਦੇ ਉਪਰ ੩੦,੦੦੦ ਰੁਪਏ ਦਾ ਅੰਦਾਜਾ ਹੈ, ਇਕ ਪ੍ਰੇਮੀ ਨੇ ਦੋ ਸੌ ਫੁੱਟ ਸੰਗਮਰਮਰ ਲਗਵਾਨ ਲਈ ਭੇਜਿਆ ਹੈ, ਹੋਰ ਜਿਸ ਜਿਸ ਪ੍ਰੇਮੀ ਨੇ ਸੰਗਮਰਮਰ ਲਗਾਉਣ ਦੀ ਸੇਵਾ ਕਰਾਉਣੀ ਹੋਵੇ ਉਹ ਸਹਾਇਤਾ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ।

(੨) ਸ੍ਰੀ ਗੁਰੂ ਨਾਨਕ ਹਾਈ ਸਕੂਲ ਸ੍ਰੀ ਨਨਕਾਣਾ ਸਾਹਿਬ ਦੀ ਇਮਾਰਤ ਹਫ਼ਤੇ ਦੇ ਅੰਦਰ ਅੰਦਰ ਸ਼ੁਰੂ ਹੋ ਜਾਏਗੀ, ਇਸ ਸਕੂਲ ਵਿੱਚ ਇੰਟਰੈਂਸ ਦੀ ਪੜ੍ਹਾਈ ਬਹੁਤ ਹੀ ਵਧੀਆ ਕਰਾਈ ਜਾਵੇਗੀ, ਇਸ ਤੋਂ ਉਪਰੰਤ ਜ਼ਿਮੀਂਦਾਰਾ, ਤ੍ਰਿਖਾਣਾ, ਲੋਹਾਰਾ, ਦਰਜੀ, ਰਾਗ ਵਿੱਦਜਾ ਉਪਦੇਸ਼ਕ ਗ੍ਰੰਥ ਜਮਾਤਾਂ ਖੋਹਲੀਆਂ ਜਾਣਗੀਆਂ।

(੩) ਸ਼ਹੀਦ ਗੰਜ ਨਨਕਾਣਾ ਸਾਹਿਬ ਦੀ ਨੀਂਹ ਕੱਤਕ ਪੂਰਨਮਾਸ਼ੀ ਪਰ ਰੱਖਣ ਦੀ ਸਲਾਹ ਹੈ, ਇਸ ਲਈ ਪ੍ਰੇਮੀ ਜਨ ਕ੍ਰਿਪਾ ਕਰਕੇ ਅਪਨੀ ਅਪਨੀ ਰਾਏ ਲਿਖ ਭੇਜਣ ਦੀ ਕ੍ਰਿਪਾਲਤਾ ਕਰਨ, ਕਿ ਸ਼ਹੀਦਾਂ ਦੀ ਯਾਦਗਾਰ ਕਿਸ ਸ਼ਕਲ ਵਿਚ ਬਣਾਈ ਜਾਵੇ ਅਤੇ ਕਿ ਉਹ ਯਾਦਗਾਰ ਗੁਰਦਵਾਰਾ ਜਨਮ ਅਸਥਾਨ ਦੇ ਅੰਦਰ ਬਣਾਈ ਜਾਵੇ ਯਾ ਗੁਰਦਵਾਰੇ ਦੇ ਬਾਹਰ ਉਸ ਭੱਠੀ ਦੇ ਮੌਕਿਆ ਤੇ ਬਣਾਈ ਜਾਵੇ ਜਿੱਥੇ ਭਾਈ ਦਲੀਪ ਸਿੰਘ ਦਾ ਸਸਕਾਰ ਕੀਤਾ ਗਿਆ ਸੀ, ਐਸ ਵੇਲੇ ਹੇਠ ਲਿਖੀਆਂ ਤਿੰਨ ਯਾਦਗਾਰਾਂ ਦਾ ਖਿਆਲ ਹੈ:

(੧) ਇੱਕ ਬੜਾ ਭਾਰੀ ਹਾਲ ਕਮਰਾ।

(੨) ਇੱਕ ਬੜੀ ਭਾਰੀ ਧਾਰਮਕ ਲਾਇਬਰੇਰੀ।

(੩) ਖੈਤ੍ਰੀ ਹਸਪਤਾਲ ਜਿਸ ਵਿਚ ਬੜੇ ਬੜੇ ਲਾਇਕ ਡਾਕਟਰ ਹੋਣ ਤੇ ਦੁਖੀਆਂ ਦੇ ਦੁਖ ਦੂਰ ਕਰਨ ਦਾ ਉਪਰਾਲਾ ਕੀਤਾ ਜਾਏ, ਸੰਗਤ ਜੋ ਖਿਆਲ ਸ਼ਹੀਦ ਗੰਜ ਲਈ ਪ੍ਰਗਟ ਕਰੇਗੀ ਉਸਦੇ ਮਗਰੋਂ ਅੰਤਮ ਫੈਸਲਾ ਕੀਤਾ ਜਾਏਗਾ।

(੪) ਨਨਕਾਣਾ ਸਾਹਿਬ ਮਿਸ਼ਨਰੀ ਸੁਸੈਟੀ (ਧਰਮ ਪ੍ਰਚਾਰ) ਲਈ ੧੨,੦੦੦ ਰੁਪਿਆ ਗੁਰਦਵਾਰਾ ਜਨਮ ਅਸਥਾਨ ਦੇ ਬਜਟ ਵਿੱਚੋਂ ਅਤੇ ੬੦੦੦ ਗੁਰਦਵਾਰਾ ਮਾਲ ਜੀ ਸਾਹਿਬ ਵਿੱਚੋਂ ਕਮੇਟੀ ਨੇ ਪ੍ਰਵਾਣ ਕੀਤੇ ਹਨ, ਇਸ ਲਈ ਜੋ ਸੱਜਣ ਪਰਚਾਰ ਦੀ ਸੇਵਾ ਕਰ ਸਕਦੇ ਹੋਣ, ਔਰ ਜਿਸ ਜਿਸ ਦੇਸ ਅਰ ਇਲਾਕੇ ਵਿਚ ਕਰਨਾ ਚਾਹੁਣ ਕਮੇਟੀ ਨਾਲ ਲਿਖਤ ਪੜ੍ਹਤ ਕਰਕੇ ਫੈਸਲਾ ਕਰ ਲੈਣ, ਗੁਜਾਰਾ ਲਿਆਕਤ ਅਨੁਸਾਰ ਕਾਫੀ ਦਿੱਤਾ ਜਾਏਗਾ, ਅਤੇ ਪਿਨਸ਼ਨ ਆਦਿਕ ਦੇ ਕਾਇਦੇ ਵਿਚਾਰ ਕਰਕੇ ਫੈਸਲੇ ਕੀਤੇ ਜਾਣਗੇ।

(੫) ਧਾਰਮਕ ਲਾਇਬਰੇਰੀ ਲਈ ੫੦੦੦ ਪ੍ਰਵਾਨ ਹੋ ਚੁਕਾ ਹੈ, ਇਸ ਲਈ ਪ੍ਰੇਮੀ ਲਿਖ ਭੇਜਣ ਕਿ ਕੇਹੜੇ ਕੇਹੜੇ ਪੁਸਤਕ ਲਾਇਬਰੇਰੀ ਵਿਚ ਰੱਖਣੇ ਜ਼ਰੂਰੀ ਹੈਨ।

(੬) ਗੁਰਦਵਾਰਾ ਸ੍ਰੀ ਜਨਮ ਅਸਥਾਨ ਦੇ ਸਾਹਮਣੇ ਘਾਹ ਦੇ ਖੇਤ ਔਰ ਫੁਲਵਾੜੀ ਲਗਣ ਦਾ ਕੰਮ ਸ਼ੁਰੂ ਹੋ ਚੁਕਾ ਹੈ, ਅਤੇ ਸਰਾਏ ਨੂੰ ਹਵਾਦਾਰ ਔਰ ਰੋਸ਼ਨੀ ਵਾਲਾ ਬਨਾਣ ਲਈ ਬਾਰੀਆਂ ਤੇ ਰੌਸ਼ਨ ਦਾਨ ਨਿਕਲਵਾਏ ਜਾ ਰਹੇ ਹੈਨ, ਜਿਨ੍ਹਾਂ ਪ੍ਰੇਮੀਆਂ ਨੇ ਕੋਈ ਹੋਰ ਤਜਵੀਜ਼ ਇਨ੍ਹਾਂ ਗੱਲਾਂ ਬਾਬਤ ਦਸਣੀ ਹੋਵੇ ਤਾਂ ਉਹ ਲਿਖ ਭੇਜਣ।

(੭) ਦਰਸ਼ਨੀ ਡਿਉੜੀ ਸ੍ਰੀ ਜਨਮ ਅਸਥਾਨ ਦੇ ਬਾਹਰਵਾਨ ਐਨ ਡਿਉੜੀ ਦੇ ਨਾਲ ਹਲਵਾਈਆਂ ਦੀਆਂ ਦੁਕਾਨਾਂ ਦਾ ਹੋਣਾ ਬਦਸੂਰਤੀ ਦਾ ਕਾਰਨ ਹੈ, ਇਸ ਲਈ ਕਮੇਟੀ ਦਾ ਇਰਾਦਾ ਹੈ ਕਿ ਦੁਕਾਨਾਂ ਸਰਾਂ ਦੀਆਂ ਬਾਹਰਲੀਆਂ ਕੋਠੜੀਆਂ ਤੇ ਬਰਾਂਡਿਆਂ ਵਿਚ ਬਦਲੀਆਂ ਜਾਣ, ਅਤੇ ਮੇਲੇ ਤੇ ਭੀ ਦੁਕਾਨਾਂ ਦੁਰੇਡੇ ਰੱਖੀਆਂ ਜਾਣ, ਜੋ ਜੋ ਖਿਆਲ ਪ੍ਰੇਮੀਆਂ ਨੂੰ ਇਸ ਬਾਬਤ ਉਤਪੰਨ ਹੋਣ, ਲਿਖ ਭੇਜਣ ਦੀ ਖੇਚਲ ਕਰਨ।

– ਨਨਕਾਣਾ ਸਾਹਿਬ

## ਸਿੰਘਾਂ ਵਲੋਂ ਕੀਤੇ ਪੰਜ ਗੋਲਾਂ ਨੇ ਦਵਾਇਆ ਭਾਰਤ ਨੂੰ ਹਾਕੀ 'ਚ ਕਾਂਸੀ ਤਗਮਾ




ਟੋਕੀਓ ਓਲੰਪਿਕਸ 'ਚ ਭਾਰਤੀ ਹਾਕੀ ਟੀਮ, ਜਿਸ ਵਿਚ 10 ਖਿਡਾਰੀ ਪੰਜਾਬ ਤੋਂ ਹਨ, ਨੂੰ 41 ਸਾਲਾਂ ਬਾਅਦ ਸੈਮੀ-ਫਾਈਨਲ 'ਚ ਜਰਮਨੀ ਨੂੰ 5-4 ਨਾਲ ਹਰਾ ਕੇ ਕਾਂਸੀ ਤਗਮਾ ਹਥ ਲੱਗਾ। ਇਸ ਤੋਂ ਪਹਿਲਾਂ ਭਾਰਤ ਨੇ 1980 ਦੀਆਂ ਮਾਸਕੋ ਓਲੰਪਿਕਸ ਵਿਚ ਸੋਨੇ ਦਾ ਤਗਮਾ ਜਿੱਤਿਆ ਸੀ। ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਭਾਰਤੀ ਹਾਕੀ ਟੀਮ ਵਲੋਂ ਜਰਮਨੀ ਖਿਲਾਫ ਪੰਜ ਗੋਲ ਸਿਮਰਨਜੀਤ ਸਿੰਘ, ਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਅਤੇ ਰੁਪਿੰਦਰਪਾਲ ਸਿੰਘ ਵੱਲੋਂ ਕੀਤੇ ਗਏ। ਓਲੰਪਿਕਸ ਵਿਚ ਭਾਰਤ ਵਲੋਂ ਕੀਤੇ ਗਏ ਕੁੱਲ 25 ਗੋਲਾਂ 'ਚੋਂ 23 ਪੰਜਾਬੀਆਂ ਨੇ ਕੀਤੇ। ਪੰਜਾਬ ਵੱਲੋਂ ਖੇਡੇ ਇਹਨਾਂ ਖਿਡਾਰੀਆਂ ਨੇ ਟਰੇਨਿੰਗ ਜਲੰਧਰ ਸਥਿਤ ਸੁਰਜੀਤ ਹਾਕੀ ਅਕੈਡਮੀ ਤੋਂ ਲਈ। ਹਾਕੀ 'ਚ ਕਾਂਸੀ ਤਗਮਾ ਹਾਸਲ ਕਰਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਸ਼ਟਰਪਤੀ ਰਾਮਨਾਥ ਕੋਵਿੰਦ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਪ੍ਰਮੁੱਖ ਖੇਡ ਸ਼ਖ਼ਸੀਅਤਾਂ ਨੇ ਟੀਮ ਨੂੰ ਵਧਾਈ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਹਰ ਖਿਡਾਰੀ ਨੂੰ ਇਕ ਕਰੋੜ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਟੀਮ ਨੂੰ ਇਕ ਕਰੋੜ ਦੇਣ ਦਾ ਐਲਾਨ ਕੀਤਾ ਗਿਆ ਹੈ।

੧ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਬਾਣੀ ਗੁਰੂ ਤੇਗ਼ ਬਹਾਦਰ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ-੨੨੦}

ਮੂਲ [ਗਉੜੀ ਮਹਲਾ ੯, ਚਉਪਦਾ ੨੪੮] ਅਰਥ

ਕੋਊ ਮਾਈ ਭੂਲਿਓ ਮਨੁ ਸਮਝਾਵੈ॥ ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ॥੧॥ ਰਹਾਉ॥ ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ॥ ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥੧॥ ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ॥ ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ॥੨॥੬॥

ਹੇ ਮਾਈ! ਕੋਈ (ਐਸਾ ਭਲਾ ਪੁਰਖ ਮਿਲੇ ਜੋ ਮੇਰੇ) ਭੁੱਲੇ ਹੋਏ ਮਨ ਨੂੰ ਸੁਮੱਤੇ ਲਾ ਦੇਵੇ। (ਇਹ ਮਨ ਐਸਾ ਹੈ ਕਿ) ਵੇਦਾਂ ਪੁਰਾਣਾਂ ਤੇ ਸਾਧੂਆਂ ਦੇ (ਦੱਸੇ) ਰਸਤੇ ਸੁਣ ਸੁਣਕੇ (ਬੀ ਇਕ) ਨਿਮਖ ਭਰ ਹਰੀ ਦੇ ਗੁਣ ਨਹੀਂ ਗਾਉਂਦਾ॥੧॥ ਰਹਾਉ॥

(ਅਤੇ) ਮਾਨੁੱਖਾ ਦੇਹ (ਵਰਗੀ) ਦੁਰਲਭ (ਵਸਤੂ) ਪਾਕੇ (ਆਪਣਾ) ਜਨਮ ਬਿਰਥਾ ਬਿਤਾ ਰਿਹਾ ਹੈ; (ਸਗੋਂ ਇਹ) ਮਾਇਆ ਦੇ ਮੋਹ ਦਾ ਅਤਿ ਦੁਖਦਾਈ (ਜੋ) ਬਨ ਹੈ, ਉਸ ਨਾਲ ਪ੍ਰੀਤੀ ਪੈਦਾ ਕਰਦਾ (ਰਹਿੰਦਾ) ਹੈ॥੧॥

(ਦੇਖੋ ਸਰੀਰ ਦੇ) ਅੰਦਰ ਤੇ ਬਾਹਰ (ਸਾਰੇ ਜੋ) ਪ੍ਰਭੂ ਸਦਾ (ਇਸ ਦੇ) ਨਾਲ ਰਹਿੰਦਾ ਹੈ ਉਸ ਨਾਲ (ਇਹ ਮਨ) ਪ੍ਰੀਤ ਨਹੀਂ ਲਾਉਂਦਾ। (ਪਰ) ਹੇ ਨਾਨਕ! (ਸੱਚ ਇਹ ਹੈ ਕਿ) ਜਿਸ ਦੇ ਹਿਰਦੇ ਵਿਚ ਰਾਮ ਸਮਾ ਜਾਂਦਾ ਹੈ ਉਸ ਨੂੰ ਹੀ ਤੁਸੀਂ ਮੁਕਤ (ਪੁਰਖ) ਸਮਝੋ॥੨॥੬॥ (**ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ**, ਪੋਥੀ ਤੀਜੀ, ਪੰਨਾ ੧੩੬੭)

O my Mother! (I wish I am able to meet a Guru-oriented person who) instructs my mind that has become foregetful of the Lord (and thus gone astray). Even after listening to the (teachings of the) Vedas, Puranas and of various holy persons, it does not sing excellences of the Lord even for a moment.1.Pause.

(This mind has gone so astray that) it wastes away this human existence which is rarely achieved. This material world is like a jungle fully saturated with love for *maya*, and my mind is engaged in imbibing love with it.1.

It fails to develop love with God who ever abides within as well as without man. Nanak says that only he be deemed to have attained liberation in whose heart the Lord becomes manifest.2.6.

(English Translation : Dr. Dharam Singh)

'KHALSA SAMACHAR' New Delhi. Office of Posting NDGPO-110001 (Thursday-Friday) **R.No.50825/1990 DL(ND)-11/6035/**2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਸਿੱਖ ਅਜਾਇਬ ਘਰ ਦਾ ਸ਼ਿੰਗਾਰ ਬਣੀਆਂ ਚਾਰ ਧਾਰਮਕ ਸ਼ਖ਼ਸੀਅਤਾਂ



ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ ਦੇਸ਼, ਕੌਮ, ਸਮਾਜ ਨੂੰ ਸਮਰਪਿਤ ਰਹੀਆਂ ਚਾਰ ਧਾਰਮਕ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਦਲੀਪ ਸਿੰਘ ਮੱਲ੍ਹਨੰਗਲ, ਸਿੱਖ ਵਿਦਵਾਨ ਸ਼ਮਸ਼ੇਰ ਸਿੰਘ ਅਸ਼ੋਕ ਅਤੇ ਗਿਆਨੀ ਮੋਹਨ ਸਿੰਘ ਭਿੰਡਰ ਕਲਾ ਟਕਸਾਲ ਵਾਲੇ। ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਅਦਾ ਕੀਤੀ। ਇਸ ਤੋਂ ਪਹਿਲਾਂ ਭਾਈ ਗੁਰਕੀਰਤ ਸਿੰਘ ਦੇ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਅਤੇ ਅਰਦਾਸ ਭਾਈ ਰਾਜਦੀਪ ਸਿੰਘ ਵਲੋਂ ਕੀਤੀ ਗਈ। ਇਸ ਮੌਕੇ ਬੋਲਦਿਆਂ ਗਿ. ਜਗਤਾਰ ਸਿੰਘ ਨੇ ਕਿਹਾ ਕੇਂਦਰੀ ਸਿੱਖ ਅਜਾਇਬ ਘਰ ਸਿੱਖ ਇਤਿਹਾਸ ਦਾ ਸੋਮਾ ਹੈ ਅਤੇ ਇੱਥੇ ਤਸਵੀਰਾਂ ਦਾ ਸਥਾਪਤ ਹੋਣਾ ਵੱਡਾ ਸਨਮਾਨ ਮਿਲਣਾ ਹੈ।

## ਇਟਲੀ 'ਚ ਸੰਸਾਰ ਜੰਗਾਂ 'ਚ ਸ਼ਹੀਦ ਹੋਏ ਫੌਜੀਆਂ ਨੂੰ ਸਮਰਪਿਤ ਸਮਾਗਮ

ਇਟਲੀ ਦੇ ਸ਼ਹਿਰ ਫੋਰਲੀ ਵਿਚ ਪਹਿਲੀ ਤੇ ਦੂਜੀ ਸੰਸਾਰ ਜੰਗ 'ਚ ਸ਼ਹੀਦ ਹੋਏ ਫੌਜੀਆਂ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸਦਾ ਆਯੋਜਨ ਇਟਲੀ ਦੀ ਸਥਾਨਕ ਵਰਲਡ ਸਿੱਖ ਸ਼ਹੀਦ ਮਿਲਟਰੀ ਐਸੋਸੀਏਸ਼ਨ ਵਲੋਂ ਕੀਤਾ ਗਿਆ। ਇਸ ਦੀ ਆਰੰਭਤਾ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਨਾਲ ਹੋਈ। ਇਸ ਮੌਕੇ ਇਨ੍ਹਾਂ ਜੰਗਾਂ 'ਚ ਸਿੱਖ ਫੌਜੀਆਂ ਰਾਹੀਂ ਵਰਤੇ ਗਏ ਪੁਰਾਤਨ ਅਸਲੇ ਦੀ ਨੁਮਾਇਸ਼ ਵੀ ਲਾਈ ਗਈ। ਜਿਕਰਯੋਗ ਹੈ ਸੰਸਥਾ ਵਲੋਂ ਸਮੇਂ-ਸਮੇਂ ਇਟਲੀ 'ਚ ਸਿੱਖ ਫੌਜੀਆਂ ਦੀ ਯਾਦਗਾਰਾਂ ਵੀ ਕਾਇਮ ਕੀਤੀਆਂ ਗਈਆਂ ਹਨ ਤਾਂ ਜੋ ਨੌਜਵਾਨ ਪੀੜ੍ਹੀ ਆਪਣੇ ਬਜੁਰਗਾਂ ਦੀਆਂ ਕੁਰਬਾਨੀਆਂ ਨੂੰ ਜਾਣ ਸਕੇ।

## ਜੀ. ਡੀ. ਗੋਇਨਕਾ ਪਬਲਿਕ ਸਕੂਲ ਦੀ ਵਿਦਿਆਰਥਣ ਜਸਮੀਤ ਕੌਰ ਪੁਰੀ ਨੇ 12ਵੀਂ ਦੀ ਪ੍ਰੀਖਿਆ 'ਚ ਹਾਸਲ ਕੀਤੇ 96.4 ਫੀਸਦੀ ਅੰਕ



ਜਸਮੀਤ ਕੌਰ ਪੁਰੀ ਨੇ ਬਾਰਵੀਂ ਦੀ ਪ੍ਰੀਖਿਆ ਦੇ ਨਤੀਜਿਆਂ 'ਚ 96.4 ਫੀਸਦੀ ਅੰਕ ਹਾਸਲ ਕਰਕੇ ਜੀ. ਡੀ. ਗੋਇਨਕਾ ਪਬਲਿਕ ਸਕੂਲ ਦੇ ਸਿਖਰਲੇ ਵਿਦਿਆਰਥੀਆਂ 'ਚ ਆਪਣੀ ਥਾਂ ਬਣਾਈ ਹੈ। ਉਸਨੇ ਰਸਾਇਣ ਵਿਗਿਆਨ, ਜੀਵ ਵਿਗਿਆਨ, ਭੌਤਿਕ ਵਿਗਿਆਨ, ਇੰਗਲਿਸ਼, ਹਿੰਦੁਸਤਾਨੀ ਗਾਇਨ ਅਤੇ ਸਰੀਰਕ ਸਿੱਖਿਆ ਆਦਿ ਸਾਰੇ ਵਿਸ਼ਿਆਂ 'ਚ ਬਿਹਤਰੀਨ ਅੰਕ ਹਾਸਲ ਕੀਤੇ ਹਨ। ਇਸ ਬਿਹਤਰੀਨ ਕਾਰਗੁਜ਼ਾਰੀ ਲਈ ਉਸਨੂੰ ਪ੍ਰਿੰਸੀਪਲ, ਅਧਿਆਪਿਕਾਂ, ਪਰਿਵਾਰਕ ਸਦੱਸਾਂ ਅਤੇ ਦੋਸਤਾਂ ਵਲੋਂ ਲਗਾਤਾਰ ਮੁਬਾਰਕਾਂ ਮਿਲ ਰਹੀਆਂ ਹਨ। ਦਿੱਲੀ ਵਸਨੀਕ ਜਸਮੀਤ ਕੌਰ ਪੁਰੀ ਦਾ ਸੁਪਨਾ ਡਾਕਟਰ ਬਣ ਕੇ ਮਨੁੱਖਤਾ ਦੀ ਸੇਵਾ ਕਰਨਾ ਹੈ। ਜਸਮੀਤ ਦੇ ਪਿਤਾ ਸ. ਰਾਜਦੀਪ ਸਿੰਘ ਪੁਰੀ ਇਕ ਵਪਾਰੀ ਹਨ ਅਤੇ ਮਾਤਾ ਡਾ. ਅੰਮ੍ਰਿਤ ਕੌਰ ਪੁਰੀ ਜਾਣੀ-ਪਛਾਣੀ ਐਨਥਰੋਬੋਟੈਨਿਸਟ ਅਤੇ ਵਾਤਾਵਰਨ ਕਾਰਕੁਨ ਹੈ। ਉਸਦਾ ਭਰਾ ਧਨਰਾਜ ਸਿੰਘ ਪੁਰੀ ਵੀ ਇਸ ਸਕੂਲ ਦਾ ਇਕ ਹੋਣਹਾਰ ਵਿਦਿਆਰਥੀ ਹੈ। ਸਕੂਲ ਪ੍ਰਿੰਸੀਪਲ ਡਾ. ਰੇਨੂ ਦੇ ਮੁਤਾਬਕ ਜਸਮੀਤ ਕੌਰ ਪੁਰੀ ਨੇ 10 ਵੀਂ ਜਮਾਤ 'ਚ ਕੌਮੀ ਪੱਧਰ ਤੇ ਸਭ ਤੋਂ ਵੱਧ ਅੰਕ ਹਾਸਲ ਕਰਕੇ ਸਿਖਰਲਾ ਸਥਾਨ ਹਾਸਲ ਕੀਤਾ ਸੀ। ਉਸ ਨੇ ਵੱਖ-ਵੱਖ ਅਕਾਦਮਿਕ ਮੁਕਾਬਲਿਆਂ 'ਚ ਹਿੱਸਾ ਲੈ ਕੇ ਕੌਮੀ ਪੱਧਰ ਤੇ ਵੀ ਕਈ ਸਨਮਾਨ ਹਾਸਲ ਕੀਤੇ ਹਨ। ਸਕੂਲ ਨੂੰ ਅਜਿਹੇ ਵਿਦਿਆਰਥੀਆਂ ਤੇ ਹਮੇਸ਼ਾ ਮਾਣ ਰਹੇਗਾ।

❖ ❖ ❖ ❖